# ਇੱਕ ਆਦਮੀ ਦਾ ਨਿਰਮਾਣ

ਫ੍ਰੈਂਕਲਿਨ ਦੇ ਨੋਟਸ

1 ਸਮੂਏਲ 17:4-11 ਉਸ ਵੇਲੇ ਫਲਿਸਤੀਆਂ ਦੇ ਡੇਰੇ ਵਿੱਚੋਂ ਗਾਥੀ ਗੋਲਿਅਥ ਨਾਮੇ ਇੱਕ ਸੂਰਮਾ ਮਨੁੱਖ ਨਿੱਕਲਿਆ। ਉਹ ਦਾ ਕੱਦ ਛੇ ਹੱਥ ਅਤੇ ਇੱਕ ਗਿੱਠ **ਉੱਚਾ** ਸੀ। (5) ਅਤੇ ਉਹ ਦੇ ਸਿਰ ਉੱਤੇ ਇੱਕ ਪਿੱਤਲ ਦਾ ਟੋਪ ਸੀ ਅਤੇ ਇੱਕ ਸੰਜੋ ਉਹ ਨੇ ਪਹਿਨੀ ਹੋਈ ਸੀ ਜੋ ਤੋਲ ਵਿੱਚ ਡੂਢ ਮਣ ਪਿੱਤਲ ਦੀ ਸੀ। (6) ਅਤੇ ਉਹ ਦੀਆਂ ਦੋਹਾਂ ਲੱਤਾਂ ਉੱਤੇ ਪਿੱਤਲ ਦੇ ਕਵਚ ਸਨ ਅਤੇ ਉਹ ਦੇ ਦੋਹਾਂ ਮੋਢਿਆਂ ਦੇ ਵਿਚਕਾਰ ਪਿੱਤਲ ਦੀ ਬਰਛੀ ਸੀ। (7) ਅਤੇ ਉਹ ਦੇ ਬਰਛੇ ਦੇ ਡੰਡਾ ਜੁਲਾਹੇ ਦੀ ਤੁਰ੍ਹ ਵਰਗਾ ਸੀ ਅਤੇ ਉਹਦੇ ਬਰਛੇ ਦਾ ਫਲ ਸਾਢੇ ਸੱਤ ਸੇਰ ਲੋਹੇ ਦਾ ਸੀ ਅਤੇ ਇੱਕ ਮਨੁੱਖ ਢਾਲ ਚੁੱਕ ਕੇ ਉਹ ਅੱਗੇ ਤੁਰਦਾ ਸੀ। (8) ਸੋ ਉਹ ਨਿੱਕਲ ਕੇ ਖਲੋਤਾ ਅਤੇ ਇਸਰਾਏਲ ਦੇ ਦਲਾਂ ਵੱਲ ਉਹ ਨੇ ਪੁਕਾਰ ਕੇ ਆਖਿਆ, ਤੁਸਾਂ ਲੜਾਈ ਦੇ ਲਈ ਕਾਹ ਨੂੰ ਪਾਲ ਬੰਨ੍ਹੀ ਹੈ? ਭਲਾ, ਮੈਂ ਫਲਿਸਤੀ ਨਹੀਂ ਅਤੇ ਤੁਸੀਂ ਸ਼ਾਊਲ ਦੇ ਟਹਿਲੂਏ ਨਹੀਂ? ਸੋ ਤੁਸੀਂ ਆਪਣੇ ਲਈ ਕਿਸੇ **ਮਨੁੱਖ ਨੂੰ ਚੁਣੋ** ਅਤੇ ਉਹ ਮੇਰੇ ਕੋਲ ਲਹਿ ਆਵੇ। (9) ਜੇ ਕਦੀ ਉਹ ਮੇਰੇ ਨਾਲ ਲੜਨ ਜੋਗਾ ਹੋਵੇ ਅਤੇ ਮੈਨੂੰ ਮਾਰ ਲਵੇ ਤਾਂ ਅਸੀਂ ਤੁਹਾਡੇ ਗੁਲਾਮ ਬਣਾਂਗੇ ਪਰ ਜੇ ਕਦੀ ਉਸ ਦੇ ਉੱਤੇ ਮੈਂ ਤਕੜਾ ਹੋਵਾਂ ਅਤੇ ਉਹ ਨੂੰ ਮਾਰ ਲਵਾਂ ਤਾਂ ਤੁਸੀਂ ਸਾਡੇ ਗੁਲਾਮ ਹੋਵੋਗੇ ਅਤੇ ਸਾਡੀ ਗੁਲਾਮੀ ਕਰੋਗੇ। (10) ਫੇਰ ਉਹ ਫਲਿਸਤੀ ਬੋਲਿਆ, ਅੱਜ ਮੈਂ ਇਸਰਾਏਲ ਦੇ ਦਲਾਂ ਨੂੰ ਸ਼ਰਮਿੰਦਾ ਕਰਨਾ ਹਾਂ। **ਮੇਰੇ ਲਈ ਕੋਈ ਮਨੁੱਖ ਠਹਿਰਾ ਲਓ ਜੋ ਅਸੀਂ ਆਪੋ ਵਿੱਚ ਜੁੱਧ ਕਰੀਏ।** (11) ਜਿਸ ਵੇਲੇ ਸ਼ਾਊਲ ਅਤੇ ਸਾਰੇ ਇਸਰਾਏਲ ਨੇ ਉਸ ਫਲਿਸਤੀ ਦੀਆਂ ਗੱਲਾਂ ਸੁਣੀਆਂ ਤਾਂ **ਓਹ ਘਾਬਰੇ ਅਤੇ ਬਹੁਤ ਡਰ ਗਏ।**

- ਮਨੁੱਖਾਂ ਦੀਆਂ ਦੋ ਕਿਸਮਾਂ – ਇੱਕ ਉੱਚਾ-ਲੰਮਾ, ਚੰਗੀ ਸਿਖਲਾਈ ਪ੍ਰਾਪਤ, ਪ੍ਰਬਲ ਯੋਧਾ ਅਤੇ ਇੱਕ ਬਹੁਤ ਛੋਟਾ, ਅਨੁਭਵਹੀਣ ਮਨੁੱਖ ਜਿਸ ਦੀ ਕੋਈ ਪਛਾਣ ਨਹੀਂ ਹੈ।

- ਇਸ ਦੈਂਤ ਤੋਂ ਕਿਸ ਪ੍ਰਕਾਰ ਦੇ ਅਨੁਮਾਨ ਲਗਾਏ ਜਾ ਸਕਦੇ ਹਨ?

    - ਦੈਂਤ '**ਸਰੀਰ ਦੀਆਂ ਕਾਮਨਾਵਾਂ**' ਹਨ ਜੋ ਸਾਡੇ ਉੱਤੇ ਆਪਣੇ ਸਾਰੇ ਹਥਿਆਰਾਂ ਦੇ ਨਾਲ ਆਉਂਦੀਆਂ ਹਨ ਜਿਹੜੇ ਸਾਨੂੰ ਅਸਾਨੀ ਦੇ ਨਾਲ ਹਰਾ ਸਕਦੇ ਹਨ। ਉੱਚੀ ਅਵਾਜ਼ ਵਿੱਚ ਅਤੇ ਬੇਧੜਕ ਬੋਲਦੇ ਹੋਏ - ਟੀ ਵੀ, ਫਿਲਮਾਂ ਅਤੇ ਇੰਟਰਨੈਟ ਦੇ ਦੁਆਰਾ - ਅਤੇ ਬਹੁਤ ਸਾਰੇ ਇਨ੍ਹਾਂ ਦੇ ਸੇਵਕ ਬਣ ਜਾਂਦੇ ਹਨ।

      1 ਪਤਰਸ 2:11 ਹੇ ਪਿਆਰਿਓ, ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ ਪਰਦੇਸੀ ਅਤੇ ਮੁਸਾਫ਼ਰ ਹੋ ਕੇ **ਸਰੀਰਕ ਕਾਮਨਾਂ ਤੋਂ ਪਰੇ ਰਹੋ** ਜਿਹੜੀਆਂ ਜਾਨ ਨਾਲ ਲੜਦੀਆਂ ਹਨ।

    - ਉਹ **ਡਰ** ਹੈ। ਸਾਡੇ ਉੱਤੇ ਸਾਰੀ ਤਾਕਤ, ਤਰਕ ਅਤੇ ਸੰਸਾਰ ਦੇ ਸਾਰੇ ਗਿਆਨ ਦੇ ਨਾਲ ਆਉਂਦਾ ਹੈ। ਜਦੋਂ ਉਹ ਬਹੁਤਿਆਂ ਨੂੰ ਭੱਖ ਲੈਂਦਾ ਅਤੇ ਗੁਲਾਮ ਬਣਾ ਲੈਂਦਾ ਹੈ ਤਾਂ ਵਿਸ਼ਵਾਸ ਪੱਤੇ ਦੇ ਵਾਂਗੂ ਹਵਾ ਦੇ ਵਿੱਚ ਉੱਡ ਜਾਂਦਾ ਹੈ।

1 ਸਮੂਏਲ 17:26-27 ਤਾਂ ਦਾਊਦ ਨੇ ਆਪਣੇ ਦੁਆਲੇ ਦੇ ਲੋਕਾਂ ਕੋਲੋਂ ਪੁੱਛਿਆ ਕਿ ਜਿਹੜਾ ਮਨੁੱਖ ਇਸ ਫਲਿਸਤੀ ਨੂੰ ਮਾਰੇ ਅਤੇ ਇਸ ਕਲੰਕ ਨੂੰ ਇਸਰਾਏਲ ਉੱਤੋਂ ਹਟਾਵੇ ਤਾਂ **ਉਹ ਨੂੰ ਕੀ ਮਿਲੇਗਾ** ਕਿਉਂ ਜੋ ਇਹ ਅਸੁੰਨਤੀ ਫਲਿਸਤੀ ਹੈ ਕੌਣ ਜੋ **ਜੀਉਂਦੇ ਪਰਮੇਸ਼ੁਰ ਦੇ ਦਲਾਂ** ਨੂੰ ਲੱਜਿਆਵਾਨ ਕਰੇ? ਲੋਕਾਂ ਨੇ ਇਸ ਤਰਾਂ ਦਾ ਉੱਤਰ ਦਿੱਤਾ ਭਈ ਜਿਹੜਾ ਉਸ ਨੂੰ ਮਾਰੇ ਉਸ ਮਨੁੱਖ ਨੂੰ ਏਹ ਏਹ ਮਿਲੇਗਾ।

- ਦਾਊਦ ਬਾਕੀ ਸਾਰੇ ਮਨੁੱਖਾਂ ਦੇ ਨਾਲੋਂ ਅਲੱਗ ਸੀ। ਕਿਉਂ?
- ਦਾਊਦ ਕਿਉਂ ਵੱਡੇ ਵਿਸ਼ਵਾਸ ਵਾਲਾ ਮਨੁੱਖ ਸੀ ਜਿਸ ਨੂੰ ਕੋਈ ਡਰ ਨਹੀਂ ਸੀ ਅਤੇ ਇਸ ਦੀ ਪਰਵਾਹ ਕੀਤੇ ਬਿਨ੍ਹਾਂ ਕਿ ਲੋਕ ਕੀ ਕਰਦੇ ਜਾਂ ਆਖਦੇ ਹਨ, ਸੱਚਾਈ ਵਾਸਤੇ ਲੜਨ ਲਈ ਤਿਆਰ ਰਹਿੰਦਾ ਸੀ?

ਜਵਾਬ:

ਰਸੂਲਾਂ ਦੇ ਕਰਤੱਬ 13:22-23 ਫੇਰ ਉਹ ਨੂੰ ਹਟਾ ਕੇ ਦਾਊਦ ਨੂੰ ਖੜਾ ਕੀਤਾ ਭਈ ਉਨ੍ਹਾਂ ਦਾ ਪਾਤਸ਼ਾਹ ਹੋਵੇ ਜਿਹ ਦੇ ਹੱਕ ਵਿੱਚ ਉਹ ਨੇ ਸਾਖੀ ਦੇ ਕੇ ਆਖਿਆ ਭਈ ਮੈਂ ਯੱਸੀ ਦੇ ਪੁੱਤਰ **ਦਾਊਦ** ਨੂੰ **ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ**, ਉਹੋ **ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ।**

    - ਪਰਮੇਸ਼ੁਰ ਵੱਲੋਂ ਤੁਹਾਡੇ ਬਾਰੇ ਇਸ ਤਰ੍ਹਾਂ ਦੀ ਗਵਾਹੀ ਦੇਣ ਨਾਲ ਤੁਹਾਡੇ ਉੱਤੇ ਦਯਾ ਹੋਵੇਗੀ ਜਿਸ ਨਾਲ ਤੁਹਾਨੂੰ ਤੁਹਾਡੀਆਂ ਸਾਰੀਆਂ ਲੜਾਈਆਂ ਵਿੱਚ ਆਗੂਪੁਣਾ ਅਤੇ ਜਿੱਤ ਮਿਲੇਗੀ।

## ਦਾਊਦ ਵਰਗੇ ਮਨੁੱਖ ਲਈ ਵੱਡੀਆਂ ਬਰਕਤਾਂ ਹਨ:

1 ਸਮੂਏਲ 17:25 ਤਦ ਇਸਰਾਏਲ ਦੇ ਲੋਕਾਂ ਨੇ ਆਖਿਆ, ਤੁਸਾਂ ਇਸ ਮਨੁੱਖ ਨੂੰ ਡਿੱਠਾ ਜੋ ਨਿੱਕਲਿਆ ਹੈ। ਸੱਚ ਮੁੱਚ ਇਹ ਤਾਂ ਇਸਰਾਏਲ ਨੂੰ ਲੱਜਿਆਵਾਨ ਹੀ ਕਰਨ ਆਇਆ ਹੈ ਅਤੇ ਅਜਿਹਾ ਹੋਵੇਗਾ ਭਈ ਜਿਹੜਾ ਉਸ ਨੂੰ ਮਾਰੇਗਾ ਤਾਂ **ਪਾਤਸ਼ਾਹ ਉਹ ਨੂੰ ਵੱਡੇ ਧਨ ਨਾਲ ਧਨਵਾਨ ਕਰੇਗਾ** ਅਤੇ ਆਪਣੀ ਧੀ ਉਹ ਨੂੰ ਦੇਵੇਗਾ ਅਤੇ ਉਹ ਦੇ ਪਿਉ ਦੇ ਟੱਬਰ ਨੂੰ ਇਸਰਾਏਲ ਵਿੱਚ ਅਜ਼ਾਦ ਕਰੇਗਾ।

- ਸਾਡਾ ਰਾਜਾ ਰਾਜਿਆਂ ਦਾ ਰਾਜਾ ਹੈ।
- ਜਿਹੜਾ ਮਨੁੱਖ '**ਦੈਤਾਂ (ਲਾਲਸਾਵਾਂ, ਡਰਾਂ) ਉੱਤੇ ਜਿੱਤ ਪਾਉਂਦਾ ਹੈ,** ਉਹ ਉਸ ਨੂੰ **ਧਨਵਾਨ ਕਰਦਾ** ਅਤੇ **ਆਜ਼ਾਦੀ** ਦਿੰਦਾ ਹੈ।

  ਯੂਹੰਨਾ 8:36 ਇਸ ਲਈ ਜੇ ਪੁੱਤਰ ਤੁਹਾਨੂੰ ਅਜ਼ਾਦ ਕਰੇ ਤਾਂ ਠੀਕ ਤੁਸੀਂ ਅਜ਼ਾਦ ਹੋਵੋਗੇ।

1 ਸਮੂਏਲ 17:45 ਪਰ ਦਾਊਦ ਨੇ ਫਲਿਸਤੀ ਨੂੰ ਆਖਿਆ, ਤੂੰ ਤਲਵਾਰ ਅਤੇ ਬਰਛਾ ਅਤੇ ਢਾਲ ਲੈ ਕੇ ਮੇਰੇ ਕੋਲ ਆਉਂਦਾ ਹੈਂ ਪਰ **ਮੈਂ ਸੈਨਾ ਦੇ ਯਹੋਵਾਹ ਦੇ ਨਾਮ ਉੱਤੇ ਜੋ ਇਸਰਾਏਲ ਦੇ ਦਲਾਂ ਦਾ ਪਰਮੇਸ਼ੁਰ ਹੈ** ਜਿਸ ਨੂੰ ਤੈਂ ਲੱਜਿਆਵਾਨ ਕੀਤਾ **ਤੇਰੇ ਕੋਲ ਆਉਂਦਾ ਹਾਂ**।

ਯਿਰਮਿਯਾਹ 17:7 **ਮੁਬਾਰਕ ਹੈ** ਉਹ ਮਰਦ ਜਿਹ ਦਾ **ਭਰੋਸਾ ਯਹੋਵਾਹ ਉੱਤੇ ਹੈ**, ਜਿਹ ਦਾ ਭਰੋਸਾ ਯਹੋਵਾਹ ਹੈ!

ਆਪਣੇ ਸਾਰੇ ਯੁੱਧਾਂ ਅਤੇ ਦੁਸ਼ਮਣਾਂ ਦਾ ਸਾਹਮਣਾ **ਪ੍ਰਭੂ ਦੇ ਨਾਮ** ਵਿੱਚ ਕਰੋ ਅਤੇ ਤੁਸੀਂ ਜੇਤੂ ਅਤੇ ਸਫ਼ਲ ਹੋਵੋਗੇ – ਅਰਥਾਤ ਉਨ੍ਹਾਂ ਸਭਨਾਂ ਕੰਮਾਂ ਵਿੱਚ ਆਗੂ ਹੋਵੋਗੇ ਜੋ ਤੁਸੀਂ ਕਰਦੇ ਹੋ।

ਇਸ ਲਈ, ਪ੍ਰਸ਼ਨ ਇਹ ਹੈ: ਤੁਸੀਂ "ਪਰਮੇਸ਼ੁਰ ਦੇ ਮਨ ਭਾਉਂਦੇ **ਮਨੁੱਖ**" ਕਿਵੇਂ ਬਣਦੇ ਹੋ?

ਜਵਾਬ......ਉਸੇ ਤਰ੍ਹਾਂ ਕਰਕੇ ਜਿਵੇਂ ਦਾਊਦ ਨੇ ਕੀਤਾ।

I. ਦਾਊਦ ਨਮਰ, ਆਗਿਆਕਾਰ ਅਤੇ ਮਿਹਨਤੀ ਸੀ।

- ਉਹ ਪਰਿਵਾਰ ਦੇ ਵਿੱਚ ਸਭ ਤੋਂ ਛੋਟਾ ਸੀ – ਆਪਣੇ ਭਰਾਵਾਂ ਦੁਆਰਾ ਦਬਾਇਆ ਹੋਇਆ

- ਉਸ ਨੂੰ ਪਰਿਵਾਰ ਦੇ ਇੱਜੜ ਨੂੰ ਚਾਰਨ ਦਾ ਕੰਮ ਦਿੱਤਾ ਗਿਆ ਸੀ ਜੋ ਮੁਸ਼ਕਿਲ ਅਤੇ ਇਕੱਲੇ ਦੇ ਹੀ ਕਰਨ ਵਾਲਾ ਕੰਮ ਸੀ। ਉਹ ਇੱਜੜ ਦੇ ਨਾਲ ਹਫਤੇ ਲਈ ਜਾਂ ਇਸ ਤੋਂ ਵੱਧ ਸਮੇਂ ਲਈ ਘਰ ਤੋਂ ਬਾਹਰ ਰਹਿੰਦਾ ਸੀ। ਉਹ ਆਪਣਾ ਬਹੁਤਾ ਸਮਾਂ ਰੁੱਖਾਂ ਦੇ ਸੱਕ ਲਾਹੁਣ ਵਿੱਚ ਗੁਜ਼ਾਰਦਾ ਸੀ ਜਿਸ ਵਿੱਚ ਕਿ ਉਹ ਕਾਫੀ ਨਿਪੁੰਨ ਹੋ ਗਿਆ ਸੀ, ਜਾਂ ਅਸੀਂ ਆਖ ਸਕਦੇ ਹਨ ਕਿ ਉਹ ਆਪਣਾ ਗੋਪੀਆ ਚਲਾਉਣ ਵਿੱਚ ਮਾਹਰ ਹੋ ਗਿਆ ਸੀ। (1 ਸਮੂਏਲ 16:5, 11; 17:28)

ਮੱਤੀ 11:29 / ਲੂਕਾ 1:52 / ਯਾਕੂਬ 4:6, 10 / 1 ਪਤਰਸ 5:5, 6 / ਰੋਮੀਆਂ 12:3

ਨਮਰ:

1. ਵਿਹਾਰ ਅਤੇ ਰਵੱਈਏ ਵਿੱਚ ਨਮਰਤਾ ਜਾਂ ਦੀਨਤਾ ਹੋਣਾ, ਨਾ ਕਿ ਘਮੰਡੀ ਜਾਂ ਆਕੜਬਾਜ਼ ਹੋਣਾ।
2. ਆਪਣੇ ਵੱਡਿਆਂ ਅਤੇ ਅਹੁਦੇਦਾਰਾਂ ਨੂੰ ਹਰ ਸਮੇਂ ਸ਼ਰਧਾਪੂਰਵਕ ਅਤੇ ਅਧੀਨਤਾਈ ਨਾਲ ਆਦਰ ਦੇਣਾ।

II. ਗੱਲਬਾਤ (ਪ੍ਰਾਰਥਨਾ) ਕਰਨ ਲਈ ਉਸ ਦਾ ਸਭ ਤੋਂ ਕਰੀਬੀ ਸਾਥੀ ਪਰਮੇਸ਼ੁਰ ਆਪ ਸੀ। ਅਤੇ ਪਰਮੇਸ਼ੁਰ ਦਾਊਦ ਦਾ ਸਭ ਤੋਂ ਗੂੜ੍ਹਾ ਅਤੇ ਪਿਆਰਾ ਮਿੱਤਰ ਬਣ ਗਿਆ।

- ਇਹ ਜੋਸ਼ ਹੀ ਹੈ ਜਿਸ ਨੇ ਦਾਊਦ ਨੂੰ ਦੂਸਰਿਆਂ ਨਾਲੋਂ ਵਿਲੱਖਣ ਬਣਾਇਆ।
- ਇਹ ਇੱਕ ਚੀਜ਼ ਸੀ ਜਿਸ ਨੂੰ ਉਹ ਕਿਸੇ ਵੀ ਹੋਰ ਚੀਜ਼ ਨਾਲੋਂ ਜਿਆਦਾ ਚਾਹੁੰਦਾ ਸੀ।

ਜ਼ਬੂਰ 27:4 ਮੈਂ ਯਹੋਵਾਹ ਤੋਂ **ਇੱਕ ਗੱਲ** ਮੰਗੀ ਹੈ ਅਤੇ ਮੈਂ ਉਹੀ ਭਾਲਾਂਗਾ, ਕਿ ਮੈਂ ਜੀਉਣ ਭਰ ਯਹੋਵਾਹ ਦੇ ਘਰ ਵੱਸਾਂ, ਤਾਂ ਜੋ ਮੈਂ ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ, ਅਤੇ ਉਹ ਦੀ ਹੈਕਲ ਵਿੱਚ ਧਿਆਨ ਕਰਾਂ। NIV

ਜ਼ਬੂਰ 63:1 ਦਾਊਦ ਦਾ ਭਜਨ ਜਦ ਉਹ ਯਹੂਦਾਹ ਦੀ ਉਜਾੜ ਵਿੱਚ ਸੀ।

> ਹੇ ਪਰਮੇਸ਼ੁਰ, ਤੂੰ ਮੇਰਾ ਪਰਮੇਸ਼ੁਰ ਹੈਂ, ਮੈਂ **ਦਿਲ ਤੋਂ** ਤੈਨੂੰ ਭਾਲਦਾ ਹਾਂ, ਮੇਰੀ ਜਾਨ ਤੇਰੀ ਤਿਹਾਈ ਹੈ, ਮੇਰਾ ਸਰੀਰ ਤੇਰੇ ਲਈ ਤਰਸਦਾ ਹੈ, ਸੁੱਕੀ ਅਤੇ ਬੰਜਰ ਧਰਤੀ ਵਿੱਚ ਜਿੱਥੇ ਪਾਣੀ ਨਹੀਂ ਹੈ। NIV

- **ਦਿਲ ਤੋਂ** ਲਈ ਵਰਤੇ ਗਏ ਇਬਰਾਨੀ ਸ਼ਬਦ ਦਾ ਸ਼ਾਬਦਿਕ ਅਰਥ ਹੈ: "ਮੂੰਹ ਹਨੇਰੇ।" ਅਰਥਾਤ: ਇਸ ਦਾ ਸਥਾਨ ਬਾਕੀ ਸਾਰੇ ਕੰਮਾਂ ਵਿੱਚੋਂ ਪਹਿਲਾ ਹੈ, ਕਿਸੇ ਵੀ ਕੰਮ ਲਈ ਤੜ੍ਹਕੇ ਉੱਠਣਾ, ਅਰਥਾਤ ਦਿਲ ਤੋਂ ਕਰਨਾ; ਜਾਂ ਮਿਹਨਤ ਨਾਲ ਭਾਲਣਾ।

ਜ਼ਬੂਰ 5:3 ਹੇ ਯਹੋਵਾਹ, ਤੂੰ **ਅੰਮ੍ਰਿਤ ਵੇਲੇ** ਮੇਰੀ ਅਵਾਜ਼ ਸੁਣੇਂਗਾ, ਅੰਮ੍ਰਿਤ ਵੇਲੇ ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ ਉਡੀਕ ਕਰਾਂਗਾ।

ਜ਼ਬੂਰ 88:13 ਹੇ ਯਹੋਵਾਹ, ਤੂੰ **ਅੰਮ੍ਰਿਤ ਵੇਲੇ** ਮੇਰੀ ਅਵਾਜ਼ ਸੁਣੇਂਗਾ, **ਅੰਮ੍ਰਿਤ ਵੇਲੇ** ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ ਉਡੀਕ ਕਰਾਂਗਾ।

ਜ਼ਬੂਰ 141:2 **ਮੇਰੀ ਪ੍ਰਾਰਥਨਾ** ਤੇਰੇ ਹਜ਼ੂਰ ਸੁਗੰਧੀ ਵਾਂਙੁ ਠਹਿਰੇ, ਅਤੇ ਮੇਰੇ ਹੱਥਾਂ ਦਾ ਉਠਾਉਣਾ ਸੰਝ ਦੀ ਭੇਟ ਵਰਗਾ ਹੋਵੇ।

- ਦਾਊਦ ਨੇ ਪਰਮੇਸ਼ੁਰ ਨਾਲ ਇੱਕ ਡੂੰਘਾ ਰਿਸ਼ਤਾ ਬਣਾਇਆ। ਉਸ ਦੇ ਜੋਸ਼ ਅਤੇ ਉਤਸ਼ਾਹ ਦੇ ਕਾਰਨ ਉਸ ਦਾ ਪਹਿਲਾ ਕੰਮ ਹਰ ਸਵੇਰ ਪਰਮੇਸ਼ੁਰ ਦੇ ਨਾਲ ਸਮਾਂ ਬਿਤਾਉਣਾ ਸੀ।

- ਦਾਊਦ ਵਰਗਾ ਮਨੁੱਖ ਬਣਨ ਲਈ, ਪਰਮੇਸ਼ੁਰ ਦੀ ਕਿਰਪਾ ਨੂੰ ਪਾਉਣ ਲਈ ਅਤੇ ਆਪਣੇ ਯੁੱਧਾਂ ਵਿੱਚ ਵੈਰੀ ਉੱਤੇ ਜਿੱਤ ਪਾਉਣ ਲਈ, ਸਾਨੂੰ ਸਵੇਰੇ ਤੜ੍ਹਕੇ ਪ੍ਰਾਰਥਨਾ ਕਰਨ ਵਾਲੇ ਮਨੁੱਖ ਬਣਨਾ ਪਵੇਗਾ।

ਮਰਕੁਸ 1:35 ਉਹ ਸਮਾਂ ਜਦੋਂ ਯਿਸੂ ਨੇ ਪ੍ਰਾਰਥਨਾ ਕੀਤੀ।

ਯੂਹੰਨਾ 20:1 ਪਹਿਲਾ ਵਿਅਕਤੀ ਜਿਸ ਨੇ ਜੀ ਉੱਠੇ ਪ੍ਰਭੂ ਨੂੰ ਦੇਖਿਆ

ਉਤਪਤ 3:8 ਇਸ ਤਰ੍ਹਾਂ ਜਾਪਦਾ ਹੈ ਕਿ ਪ੍ਰਭੂ ਪਰਮੇਸ਼ੁਰ ਹਰ ਰੋਜ਼ ਸਵੇਰੇ ਦਿਨ ਦੇ ਠੰਡੇ ਸਮੇਂ ਆਦਮ ਦੇ ਨਾਲ ਟਹਿਲਦਾ ਸੀ।

ਕੂਚ 16:12-14, 18, 21 ਮੰਨ੍ਹੇ ਦਾ ਸਬਕ।

ਯਿਸੂ ਨੇ ਕਿਹਾ : ਜੀਵਨ ਦੀ ਰੋਟੀ ਮੈਂ ਹਾਂ (ਯੂਹੰਨਾ 6:32-35)।

ਕੂਚ 30:7-8 ਧੂਫ਼ ਪ੍ਰਾਰਥਨਾ ਦੇ ਰੂਪ ਵਿੱਚ। ਪਰਕਾਸ਼ ਦੀ ਪੋਥੀ 8:3-5

ਲੇਵੀਆ 6:12-13 ਜਾਜਕ ਪੂਰੀ ਲਾਟ ਵਾਲੀ ਅੱਗ ਲਿਆਉਂਦਾ ਹੈ।

ਕਹਾਉਤਾਂ 3:9 ਪਹਿਲਾ ਫਲ ਪਰਮੇਸ਼ੁਰ ਦਾ ਹੈ।

ਜ਼ਬੂਰ 5:3; 57:8; 63:1; 90:14; 119:147; ਦਾਊਦ ਭੇਤ ਨੂੰ ਜਾਣਦਾ ਸੀ।

ਜ਼ਬੂਰ 27:5; 31:19-20; 32:6-7; 61:1-4 ਗੁਪਤ ਸਥਾਨ

ਯਸਾਯਾਹ 50:4 ਪ੍ਰਭੂ ਯਹੋਵਾਹ ਨੇ ਮੈਨੂੰ ਚੇਲਿਆਂ ਦੀ ਜ਼ਬਾਨ ਦਿੱਤੀ, ਭਈ ਮੈਂ ਜਾਣਾਂ ਕੀ ਹੁੱਸੇ ਹੋਏ ਨੂੰ ਕਿਵੇਂ ਬਚਨ ਨਾਲ ਸਹਾਇਤਾ ਦੇਵਾਂ, ਉਹ ਮੈਨੂੰ ਸਵੇਰੇ ਸਵੇਰੇ ਜਗਾਉਂਦਾ, ਉਹ ਮੇਰੇ ਕੰਨਾਂ ਨੂੰ ਜਗਾਉਂਦਾ ਹੈ, ਭਈ ਮੈਂ ਚੇਲਿਆਂ ਵਾਂਙੁ ਸੁਣਾਂ।

## ਕੂਚ 33:12-23

ਆਇਤ: 12 ਫੇਰ ਮੂਸਾ ਨੇ ਯਹੋਵਾਹ ਨੂੰ ਆਖਿਆ, ਵੇਖ ਤੂੰ ਮੈਨੂੰ ਆਖਦਾ ਹੈਂ ਕਿ ਇਨ੍ਹਾਂ ਲੋਕਾਂ ਨੂੰ ਉਤਾਹਾਂ ਲੈ ਜਾਹ ਪਰ ਤੈਂ ਮੈਨੂੰ ਨਹੀਂ ਦੱਸਿਆ ਕਿਹ ਨੂੰ ਤੂੰ ਮੇਰੇ ਨਾਲ ਘੱਲੇਂਗਾ ਤਾਂ ਵੀ ਤੈਂ ਆਖਿਆ ਹੈ, ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ ਅਤੇ ਮੇਰੀ ਕਿਰਪਾ (ਦਯਾ) ਦੀ ਨਿਗਾਹ ਤੇਰੇ ਉੱਤੇ ਹੈ।

- **ਉਹ ਤੁਹਾਡਾ ਨਾਮ ਜਾਣਦਾ ਹੈ:**

  ਯਸਾਯਾਹ 43:1-4 ਹੇ ਯਾਕੂਬ, ਉਹ ਜੋ ਤੇਰਾ ਕਰਤਾਰ ਹੈ, ਹੇ ਇਸਰਾਏਲ, ਉਹ ਜੋ ਤੇਰਾ ਸਿਰਜਣਹਾਰ ਹੈ, ਯਹੋਵਾਹ ਹੁਣ ਇਉਂ ਆਖਦਾ ਹੈ, ਨਾ ਡਰ, ਮੈਂ ਤੇਰਾ ਨਿਸਤਾਰਾ ਜੋ ਦਿੱਤਾ ਹੈ, ਮੈਂ ਤੇਰਾ ਨਾਉਂ ਲੈ ਕੇ ਤੈਨੂੰ ਜੋ ਬੁਲਾਇਆ ਹੈ, ਤੂੰ ਮੇਰਾ ਹੈਂ।

ਲੂਕਾ 10:20 ……..ਪਰ ਇਸ ਤੋਂ ਅਨੰਦ ਹੋਵੋ ਭਈ ਤੁਹਾਡੇ ਨਾਉਂ ਸੁਰਗ ਵਿੱਚ ਲਿਖੇ ਹੋਏ ਹਨ।

ਪਰਕਾਸ਼ ਦੀ ਪੋਥੀ 13:8 ਅਤੇ ਧਰਤੀ ਦੇ ਵਾਸੀ ਸੱਭੇ ਉਹ ਨੂੰ ਮੱਥਾ ਟੇਕਣਗੇ ਅਰਥਾਤਹਰੇਕ ਜਿਹ ਦਾ ਨਾਉਂ ਓਸ ਲੇਲੇ ਦੀ ਜਿਹੜਾ ਕੋਹਿਆ ਗਿਆ ਸੀ ਜੀਵਨ ਦੀ ਪੋਥੀ ਵਿੱਚ ਜਗਤ ਦੇ ਮੁੱਢੋਂ ਹੀ ਨਹੀਂ ਲਿਖਿਆ ਗਿਆ।

- ਤੁਹਾਡਾ ਸਵਰਗੀ ਪਿਤਾ ਤੁਹਾਨੂੰ ਜਾਣਦਾ ਹੈ ਅਤੇ ਉਸ ਨੇ ਤੁਹਾਡਾ ਨਾਮ ਲਿਖਿਆ ਹੈ।
- ਜਿਵੇਂ ਤੁਹਾਡੇ ਸੰਸਾਰਕ ਮਾਤਾ ਪਿਤਾ ਨੇ ਤੁਹਾਡਾ ਨਾਮ ਰੱਖਿਆ ਅਤੇ ਉਸ ਨੂੰ ਲਿਖਵਾਇਆ।

- **ਕਿਰਪਾ** (Χάρις/ ਖਾਰੀਸ) ਜਿਸ ਦਾ ਅਨੁਵਾਦ: ਦਯਾ; ਅਨੰਦ ਵੀ ਕੀਤਾ ਗਿਆ ਹੈ।

ਆਇਤ: 13 ਸੋ **ਜੇ** ਤੇਰੀ **ਕਿਰਪਾ** (ਦਯਾ) ਦੀ ਨਿਗਾਹ ਮੇਰੇ ਉੱਤੇ ਹੈ ਤਾਂ **ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ ਤਾਂ ਜੋ** ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ ਰਹੇ ਅਤੇ ਸਮਝ ਲੈ ਕਿ ਏਹ ਕੌਮ ਤੇਰੀ ਪਰਜਾ ਹੈ।

- ਜਲਦੀ ਹੋਈ ਝਾੜੀ / ਫ਼ਿਰਊਨ ਦੇ ਸਾਹਮਣੇ / ਬਵਾ / ਲਾਲ ਸਮੁੰਦਰ ਨੂੰ ਦੋ ਭਾਗਾਂ ਦੇ ਵਿੱਚ ਵੰਡਣਾ / ਮੰਨ੍ਹਾ / ਬਟੇਰ / ਚਟਾਨ ਦੇ ਵਿੱਚੋਂ ਪਾਣੀ / ਅਤੇ ਗਰਜ਼ ਅਤੇ ਲਿਸ਼ਕਾਂ – ਅੱਗ ਅਤੇ ਧੂੰਆਂ, ਅਤੇ ਸੀਨਈ ਪਹਾੜ ਉੱਤੇ ਭੁਚਾਲ / ਪਰਮੇਸ਼ੁਰ ਦਾ ਗੱਲ ਕਰਨਾ ਅਤੇ ਦਸ ਹੁਕਮ ਦੇਣਾ: ਇਸ ਸਭ ਦਾ ਸਾਹਮਣਾ ਕਰਨ ਤੋਂ ਬਾਅਦ **ਮੂਸਾ ਨੂੰ ਅਹਿਸਾਸ ਹੋਇਆ**:
  - ਕਿਉਂ ਜੋ ਮੇਰੇ ਖਿਆਲ ਤੁਹਾਡੇ ਖਿਆਲ ਨਹੀਂ, **ਨਾ ਤੁਹਾਡੇ ਰਾਹ ਮੇਰੇ ਰਾਹ ਹਨ,** ਯਹੋਵਾਹ ਦਾ ਵਾਕ ਹੈ। ਜਿਵੇਂ ਅਕਾਸ਼ ਧਰਤੀ ਤੋਂ ਉੱਚੇ ਹਨ, ਤਿਵੇਂ ਮੇਰੇ ਰਾਹ ਤੁਹਾਡੇ ਰਾਹਾਂ ਤੋਂ, ਅਤੇ **ਮੇਰੇ ਖਿਆਲ ਤੁਹਾਡੇ ਖਿਆਲਾਂ ਤੋਂ ਉੱਚੇ ਹਨ।** ਯਸਾਯਾਹ 55:8-9
- ਇਹ ਮਹਿਸੂਸ ਕਰਦੇ ਹੀ ਮੂਸਾ ਨੇ ਪ੍ਰਾਰਥਨਾ ਕੀਤੀ: "ਮੈਨੂੰ **ਆਪਣਾ ਰਾਹ ਦੱਸ** ਕਿ ਮੈਂ **ਤੈਨੂੰ ਜਾਣਾਂ**"
- ਪਰਮੇਸ਼ੁਰ ਨੂੰ ਚੰਗੀ ਤਰ੍ਹਾਂ ਜਾਣਨਾ – ਹੋਰ ਨੇੜੇ ਤੋਂ – ਉਸ ਦੇ **ਰਾਹਾਂ ਨੂੰ ਜਾਨਣ** ਨਾਲ ਸ਼ੁਰੂ ਹੁੰਦਾ ਹੈ, ਜੋ ਉਸ ਦੇ ਲਿਖਤ ਵਚਨ ਅਤੇ ਬੋਲੇ ਗਏ ਵਚਨ (ਪ੍ਰਾਰਥਨਾ) ਵਿੱਚ ਉੱਤਮ ਸਮਾਂ ਗੁਜ਼ਰਨ ਦੇ ਨਾਲ ਸਿੱਖਿਆ ਜਾਂਦਾ ਹੈ।

- ਤਾਂ ਜੋ ਤੇਰੀ **ਕਿਰਪਾ** (ਹੋਰ ਜਿਆਦਾ) ਦੀ ਨਿਗਾਹ **ਮੇਰੇ ਉੱਤੇ ਰਹੇ** (ਆਇਤ 13)

**ਉਹ ਕੰਮ ਕਰਨ ਦੇ ਦੁਆਰਾ ਜੋ ਤੈਨੂੰ ਭਾਉਂਦੇ ਹਨ।**

  - ਮੂਸਾ ਦੇ ਅੰਦਰ ਪਰਮੇਸ਼ੁਰ ਨੂੰ ਪ੍ਰਸੰਨ ਕਰਨ ਦੀ ਤੀਬਰ ਇੱਛਾ ਸੀ।

ਸਾਨੂੰ ਵੀ ਮੂਸਾ ਵਾਂਗੂ ਪ੍ਰਾਰਥਨਾ ਕਰਨੀ ਚਾਹੀਦੀ ਹੈ:

- ਸੋ **ਜੇ** ਤੇਰੀ **ਕਿਰਪਾ** (ਦਯਾ) ਦੀ ਨਿਗਾਹ ਮੇਰੇ ਉੱਤੇ ਹੈ ਤਾਂ **ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ ਤਾਂ ਜੋ** ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ (ਜਿਆਦਾ) ਰਹੇ ਅਤੇ ਸਮਝ ਲੈ ਕਿ ਏਹ ਕੌਮ ਤੇਰੀ ਪਰਜਾ ਹੈ।

ਲੂਕਾ 2:52 ਅਤੇ **ਯਿਸੂ** ਗਿਆਨ ਅਰ ਕੱਦ ਅਰ ਪਰਮੇਸ਼ੁਰ ਅਤੇ ਮਨੁੱਖਾਂ ਦੀ **ਕਿਰਪਾ** ਵਿੱਚ **ਵਧਦਾ ਗਿਆ**।

  - ਜੇਕਰ ਯਿਸੂ ਇਨ੍ਹਾਂ ਤਰੀਕਿਆਂ ਨਾਲ ਵਧਿਆ – **ਤਾਂ ਸਾਨੂੰ ਇਹ ਕਿੰਨਾ ਵਧੀਕ ਕਰਨਾ ਚਾਹੀਦਾ ਹੈ।**

  - ਦੂਤ ਨੇ ਮਰਿਯਮ ਨੂੰ ਕਿਹਾ ਤੇਰੇ ਉੱਤੇ ਪਰਮੇਸ਼ੁਰ ਦੀ ਕਿਰਪਾ ਹੋਈ। ਲੂਕਾ 1:30 ->ਉਸ ਦੀ ਪਵਿੱਤਰਤਾ ਅਤੇ ਉਸ ਦੇ ਧਰਮੀ ਜੀਵਨ ਦੇ ਕਾਰਨ<-

  - 1 ਪਤਰਸ 2:19-20 ਕਿਉਂਕਿ ਜੇ ਕੋਈ **ਪਰਮੇਸ਼ੁਰ ਦੇ ਖ਼ਿਆਲ ਨਾਲ** ਬੇਇਨਸਾਫ਼ੀ **ਝੱਲ ਕੇ** (ਜਿਵੇਂ ਯਿਸੂ ਨੇ ਕੀਤਾ) ਦੁੱਖ ਸਹਿ ਲਵੇ ਤਾਂ ਇਹ **ਪਰਵਾਨ** (Χάρις/ ਖਾਰੀਸ; ਜਾਂ **ਅਨੰਦ**) ਹੈ। ਜੇ ਤੁਸੀਂ ਪਾਪ ਦੇ ਕਾਰਨ ਮੁੱਕੇ ਖਾ ਕੇ ਧੀਰਜ ਕਰੋ ਤਾਂ ਕੀ ਵਡਿਆਈ ਹੈ? ਪਰ ਜੇ **ਤੁਸੀਂ ਸੁਭ ਕਰਮਾਂ** ਦੇ ਕਾਰਨ ਦੁੱਖ ਝੱਲ ਕੇ ਧੀਰਜ ਕਰੋ (ਜਿਵੇਂ ਯਿਸੂ ਨੇ ਕੀਤਾ) **ਤਾਂ ਇਹ ਪਰਮੇਸ਼ੁਰ ਨੂੰ ਪਰਵਾਨ ਹੈ।**

    - ਅਸੀਂ ਪਰਮੇਸ਼ੁਰ ਕੋਲੋਂ ਕਿਰਪਾ ਜਾਂ ਦਯਾ ਪਾਉਂਦੇ ਹਾਂ ਜਦੋਂ ਅਸੀਂ ਆਪਣਾ ਜੀਵਨ ਉਸ ਤਰ੍ਹਾਂ ਗੁਜ਼ਾਰਦੇ ਹਾਂ ਜਿਸ ਤਰ੍ਹਾਂ ਯਿਸੂ ਨੇ ਆਪਣਾ ਜੀਵਨ ਗੁਜ਼ਾਰਿਆ - "ਉਸ ਨਾਲ ਬੁਰਾ ਵਿਹਾਰ ਕੀਤਾ ਗਿਆ ਅਤੇ ਉਸ ਨੇ ਇਸ ਨੂੰ ਸਹਿਣ ਕੀਤਾ"

    - ਅੱਯੂਬ ਇੱਕ ਚੰਗੀ ਉਦਾਹਰਣ ਹੈ (ਅਯੂਬ 1:1-22)
ਅਯੂਬ 13:15 *ਵੇਖੋ, ਉਹ ਮੈਨੂੰ ਵੱਢ ਸੁੱਟੇਗਾ, ਮੈਨੂੰ ਆਸਾ ਨਹੀਂ, ਤਾਂ ਵੀ ਮੈਂ ਆਪਣੀਆਂ ਚਾਲਾਂ ਲਈ ਉਹ ਦੇ ਅੱਗੇ ਬਹਿਸ ਕਰਾਂਗਾ।*

- ਇਬਰਾਨੀਆਂ 11 ਵਿੱਚ ਜਿਨ੍ਹਾਂ ਵਿਸ਼ਵਾਸ ਦੇ ਨਾਇਕਾਂ ਦਾ ਵਰਣਨ ਕੀਤਾ ਗਿਆ ਹੈ, ਉਹ ਇੱਕ ਉਦਾਹਰਣ ਹਨ: ਆਇਤ:39 *ਅਤੇ ਏਹ ਸੱਭੇ ਭਾਵੇਂ ਓਹਨਾਂ ਲਈ ਓਹਨਾਂ ਦੀ ਨਿਹਚਾ ਦੇ ਕਾਰਨ ਸਾਖੀ ਦਿੱਤੀ ਗਈ ਤਾਂ ਵੀ* ***ਵਾਇਦੇ ਨੂੰ ਪਰਾਪਤ ਨਾ ਹੋਏ।*** ਭਾਵੇਂ ਤਿਆਗੇ ਗਏ ਅਤੇ ਵੱਡਾ ਦੁੱਖ ਝੱਲਿਆ।

- ਨਿਹਚਾ ਨਾਲ ਹਨੋਕ ਉਤਾਹਾਂ ਚੁੱਕਿਆ ਗਿਆ ਭਈ ਮੌਤ ਨਾ ਵੇਖੇ ਅਤੇ ਉਹ ਦਾ ਪਤਾ ਨਾ ਲੱਗਾ ਇਸ ਲਈ ਜੋ ਪਰਮੇਸ਼ੁਰ ਨੇ ਉਹ ਨੂੰ ਉਤਾਹਾਂ ਚੁੱਕ ਲਿਆ ਕਿਉਂ ਜੋ ਉਹ ਦੇ ਉਤਾਹਾਂ ਚੁੱਕੇ ਜਾਣ ਤੋਂ ਪਹਿਲਾਂ ਇਹ ਸਾਖੀ ਦਿੱਤੀ ਗਈ ਸੀ **ਭਈ ਉਹ ਪਰਮੇਸ਼ੁਰ ਦੇ ਮਨ ਭਾਉਂਦਾ ਹੈ।** ਇਬਰਾਨੀਆਂ 11:5

- 1 ਪਤਰਸ 2:21-25 ਕਿਉਂ ਜੋ **ਤੁਸੀਂ ਇਸੇ ਕਾਰਨ** ਸੱਦੇ ਗਏ ਇਸ ਲਈ ਜੋ **ਮਸੀਹ ਵੀ ਤੁਹਾਡੇ ਨਮਿੱਤ ਦੁੱਖ ਝੱਲ ਕੇ** ਇੱਕ **ਨਮੂਨਾ** ਤੁਹਾਡੇ ਲਈ ਛੱਡ ਗਿਆ ਭਈ **ਤੁਸੀਂ ਉਹ ਦੀ ਪੈੜ ਉੱਤੇ ਤੁਰੋ**। (22) ਉਹ ਨੇ **ਕੋਈ ਪਾਪ ਨਹੀਂ** ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ **ਛਲ ਦੀ ਗੱਲ** ਨਿੱਕਲੀ। (23) ਉਹ **ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ** ਅਤੇ ਦੁੱਖ ਪਾ ਕੇ **ਦਬਕਾ ਨਾ ਦਿੰਦਾ ਸੀ** ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ। (24) **ਓਸ ਆਪ ਸਾਡਿਆਂ ਪਾਪਾਂ ਨੂੰ** ਆਪਣੇ ਸਰੀਰ ਵਿੱਚ ਰੁੱਖ ਉੱਤੇ **ਚੁੱਕ ਲਿਆ ਭਈ** ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ। (25) ਤੁਸੀਂ ਤਾਂ ਭੇਡਾਂ ਵਾਂਙੁ ਭਟਕਦੇ ਫਿਰਦੇ ਸਾਓ ਪਰ ਹੁਣ ਆਪਣੀਆਂ ਜਾਨਾਂ ਦੇ ਅਯਾਲੀ ਅਤੇ ਨਿਗਾਹਬਾਨ ਦੇ ਕੋਲ ਮੁੜ ਆਏ ਹੋ।

- ਪੌਲੁਸ ਦੇ ਕੰਡੇ ਜਾਂ ਬਿਪਤਾ ਲਈ ਪਰਮੇਸ਼ੁਰ ਨੇ ਕਿਹਾ:
  ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ **ਕਿਰਪਾ** (Χάρις / ਖਾਰੀਸ; ਜਾਂ **ਕਿਰਪਾ**) ਹੀ ਤੇਰੇ ਲਈ ਬਥੇਰੀ (ਬਹੁਤ) ਹੈ ਕਿਉਂ ਜੋ ਮੇਰੀ **ਸਮਰੱਥਾ** ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ। 2 ਕੁਰਿੰਥੀਆਂ 12:9

  - ਪਰਮੇਸ਼ੁਰ ਦੀ ਦਯਾ ਜਾਂ ਕਿਰਪਾ ਉਸ ਦੀ **ਸਮਰੱਥਾ** ਨਾਲ ਆਉਂਦੀ ਹੈ ਜਾਂ ਸਾਨੂੰ **ਸਮਰੱਥਾ** ਦਿੰਦੀ ਹੈ – ਮਸੀਹ ਵਾਲਾ ਈਸ਼ਵਰੀ ਜੀਵਨ ਬਿਤਾਉਣ ਲਈ।

- ਦੇਣ ਵਾਲਾ ਜੀਵਨ ਬਿਤਾਉਣ ਦੇ ਉੱਤਰ ਵਿੱਚ ਪਰਮੇਸ਼ੁਰ ਆਖਦਾ ਹੈ:
  ਹਰੇਕ ਜਿਵੇਂ ਉਹ ਨੇ ਦਿਲ ਵਿੱਚ ਧਾਰਿਆ ਹੈ ਤਿਵੇਂ ਕਰੇ, ਰੰਜ ਨਾਲ ਅਥਵਾ ਲਚਾਰੀ ਨਾਲ ਨਹੀਂ ਕਿਉਂ ਜੋ ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਪਿਆਰ ਕਰਦਾ ਹੈ। ਅਤੇ ਪਰਮੇਸ਼ੁਰ ਤੁਹਾਡੇ ਉੱਤੇ **ਸਾਰੀ ਕਿਰਪਾ** ਬਹੁਤੀ ਕਰ ਸੱਕਦਾ ਹੈ ਭਈ ਹਰ ਪਰਕਾਰ ਨਾਲ ਸਦਾ **ਸਭ ਕੁਝ** ਤੁਹਾਡੇ ਕੋਲ ਹੋਵੇ ਕਿ **ਹਰ ਸ਼ੁਭ ਕਰਮ ਲਈ** ਤੁਹਾਡੇ ਕੋਲ ਵਾਫ਼ਰ ਭੀ ਹੋਵੇ। 2 ਕੁਰਿੰਥੀਆਂ 9:7-8

  - ਪਰਮੇਸ਼ੁਰ ਖੁਸ਼ੀ ਨਾਲ ਦੇਣ ਵਾਲੇ ਨੂੰ ਐਨਾ ਪਿਆਰ ਕਰਦਾ ਹੈ ਕਿ ਉਹ ਤੁਹਾਡੇ ਉੱਤੇ **ਕਿਰਪਾ** ਅਤੇ **ਦਯਾ** ਕਰੇਗਾ ਤਾਂ ਕਿ ਤੁਹਾਡੇ ਕੋਲ ਉਹ ਸਭ ਹੋਵੇ ਜਿਸ ਦੀ ਤੁਹਾਨੂੰ ਹਰ ਭਲੇ ਕੰਮ ਲਈ ਜ਼ਰੂਰਤ ਹੈ। ਆਪਣਾ ਕੰਮ ਕਰਨ ਲਈ ਤੁਹਾਨੂੰ ਸ਼ਕਤੀ ਦਿੰਦਾ ਹੈ।

- ਇਸ ਲਈ, ਅਸੀਂ ਦੇਖਦੇ ਹਾਂ ਕਿ ਅਸੀਂ ਵੀ ਪਰਮੇਸ਼ੁਰ ਦੀ ਕਿਰਪਾ ਵਿੱਚ "ਉਸ ਦੇ ਰਾਹਾਂ ਨੂੰ ਜਾਨਣ" ਅਤੇ ਉਨ੍ਹਾਂ ਅਨੁਸਾਰ ਚੱਲਣ ਦੇ ਦੁਆਰਾ ਵਧ ਸਕਦੇ ਹਾਂ – ਅਰਥਾਤ ਪਾਲਣਾ ਕਰਨਾ।

  - ਉਤਪਤ 6:8 ਪਰ ਨੂਹ ਉੱਤੇ ਯਹੋਵਾਹ ਦੀ **ਕਿਰਪਾ** ਦੀ ਨਿਗਾਹ ਹੋਈ।

  - ਰਸੂਲਾਂ ਦੇ ਕਰਤੱਬ 7:46 ਉਹ ਨੇ ਪਰਮੇਸ਼ੁਰ ਦੇ ਹਜ਼ੂਰੋਂ **ਕਿਰਪਾ** ਪਾ ਕੇ ਚਾਹਿਆ ਜੋ ਯਾਕੂਬ ਦੇ ਪਰਮੇਸ਼ੁਰ ਦੇ ਲਈ ਇੱਕ ਅਸਥਾਨ ਬਣਾਵੇ।

    - ਜ਼ਬੂਰ 27:11 ਹੇ ਯਹੋਵਾਹ, **ਆਪਣਾ ਰਾਹ ਮੈਨੂੰ ਸਿਖਲਾ**
    - ਦਾਊਦ ਨੇ ਪ੍ਰਾਰਥਨਾ ਰਾਹੀਂ ਉਸ ਦੇ ਵਚਨ ਦੁਆਰਾ **ਉਸ ਦੇ ਰਾਹਾਂ ਨੂੰ ਜਾਣਿਆ।**

  - ਗਲਾਤੀਆਂ 1:10 ਕੀ ਮੈਂ ਹੁਣ ਮਨੁੱਖਾਂ ਨੂੰ **ਮਨਾਉਂਦਾ** ਹਾਂ ਯਾ ਪਰਮੇਸ਼ੁਰ ਨੂੰ? ਅਥਵਾ ਕੀ ਮੈਂ ਮਨੁੱਖਾਂ ਨੂੰ **ਰਿਝਾਇਆ** ਚਾਹੁੰਦਾ ਹਾਂ? ਜੇ ਮੈਂ ਅਜੇ ਤੋੜੀ ਮਨੁੱਖਾਂ ਨੂੰ ਰਿਝਾਉਂਦਾ ਰਹਿੰਦਾ ਤਾਂ ਮੈਂ ਮਸੀਹ ਦਾ ਦਾਸ ਨਾ ਹੁੰਦਾ।

    - ਇਹ ਇੱਕ ਬਹੁਤ ਹੀ ਗੰਭੀਰ ਪ੍ਰਸ਼ਨ ਹੈ ਜਿਸ ਦੇ ਬਾਰੇ ਸਾਨੂੰ ਈਮਾਨਦਾਰੀ ਨਾਲ ਉੱਤਰ ਦੇਣਾ ਚੰਗਾ ਹੈ। ਮੈਂ ਕਿਸ ਨੂੰ ਪ੍ਰਸੰਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹਾਂ?

- ਥੱਸਲੁਨੀਕੀਆਂ 4:1 ਮੁਕਦੀ ਗੱਲ, ਹੇ ਭਰਾਵੋ, ਅਸੀਂ ਪ੍ਰਭੂ ਯਿਸੂ ਵਿੱਚ ਤੁਹਾਡੇ ਅੱਗੇ **ਬੇਨਤੀ ਕਰਦੇ** ਅਤੇ **ਤੁਹਾਨੂੰ ਤਗੀਦ ਕਰਦੇ ਹਾਂ** ਕਿ ਜਿਵੇਂ ਤੁਸਾਂ ਸਾਥੋਂ ਸਿੱਖਿਆ (ਪਰਮੇਸ਼ੁਰ ਦੇ "ਰਾਹਾਂ" ਵਿੱਚ) ਪਾਈ ਭਈ **ਕਿੱਕੁਰ ਚੱਲਣਾ ਅਤੇ ਪਰਮੇਸ਼ੁਰ ਨੂੰ ਪਰਸੰਨ ਕਰਨਾ ਚਾਹੀਦਾ ਹੈ** - ਜਿਵੇਂ ਤੁਸੀਂ ਚੱਲਦੇ ਵੀ ਹੋ - ਸੋ **ਇਸ ਵਿੱਚ ਹੋਰ ਭੀ ਵਧਦੇ ਚੱਲੇ ਜਾਓ।**

    - ਜਦੋਂ ਤੁਸੀਂ ਪਰਮੇਸ਼ੁਰ ਨਾਲ ਉਸ ਦੇ ਵਚਨ ਅਤੇ ਪ੍ਰਾਰਥਨਾ ਵਿੱਚ ਸਮਾਂ ਗੁਜ਼ਾਰਦੇ ਹੋ ਤਾਂ **ਤੁਸੀਂ ਉਸ ਦੇ ਰਾਹਾਂ ਨੂੰ ਸਿੱਖੋਗੇ।**

    - ਜਿਨਾਂ ਜਿਆਦਾ ਤੁਸੀਂ ਉਸ ਦੇ ਰਾਹਾਂ ਵਿੱਚ ਚੱਲਦੇ ਹੋ, ਓਨਾਂ ਜਿਆਦਾ ਤੁਸੀਂ ਉਸ ਨੂੰ ਪ੍ਰਸੰਨ ਕਰਦੇ ਹੋ, **ਉਹ ਹੋਰ ਜਿਆਦਾ ਕਿਰਪਾ** ਅਤੇ **ਦਯਾ ਤੁਹਾਡੇ ਉੱਤੇ ਕਰਦਾ ਹੈ।**

ਮੈਨੂੰ ਆਪਣਾ ਰਾਹ ਦੱਸ ਕਿ ਮੈਂ ਤੈਨੂੰ ਜਾਣਾਂ ਮੂਸਾ ਦੀ ਇਸ ਬੇਨਤੀ ਲਈ ਪਰਮੇਸ਼ੁਰ ਨੇ ਤੁਰੰਤ ਇਹ ਉੱਤਰ ਦਿੱਤਾ:

ਕੂਚ 33:14 ਤਾਂ ਉਸ ਆਖਿਆ, **ਮੇਰੀ ਹਜ਼ੂਰੀ** ਤੇਰੇ ਸੰਗ ਜਾਵੇਗੀ ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ।

- ਮੂਸਾ ਕੋਲ "ਪਰਮੇਸ਼ੁਰ ਦਾ ਵਚਨ" ਸੀ ਅਤੇ ਉਹ ਪ੍ਰਾਰਥਨਾ ਕਰਨ ਵਾਲਾ ਮਨੁੱਖ ਸੀ।

- **ਹੁਣ** ਪ੍ਰਭੂ ਖੁਦ ਮੂਸਾ ਦੇ ਨਾਲ ਸੀ ਤਾਂ ਜੋ ਉਸ ਦੇ ਨਾਲ ਚੱਲੇ, ਉਸ ਨਾਲ ਗੱਲ ਕਰੇ ਅਤੇ ਇਹ ਦਿਖਾਵੇ ਕਿ ਹਰ ਤਰ੍ਹਾਂ ਦੇ ਹਲਾਤਾਂ ਵਿੱਚ ਕਿਵੇਂ ਪਰਮੇਸ਼ੁਰ ਦੇ ਵਚਨ ਦੇ ਅਨੁਸਾਰ ਜੀਵਨ ਬਿਤਾਉਣਾ ਹੈ, ਅਰਥਾਤ ਪਰਮੇਸ਼ੁਰ ਦੇ ਰਾਹਾਂ ਨੂੰ ਜਾਨਣਾ।

ਅਤੇ ਪਰਮੇਸ਼ੁਰ ਦਾ ਵਾਅਦਾ **ਤੁਹਾਡੇ** ਨਾਲ ਵੀ ਹੈ:

ਤਾਂ ਉਸ ਆਖਿਆ, **ਮੇਰੀ ਹਜ਼ੂਰੀ ਤੇਰੇ ਸੰਗ** ਜਾਵੇਗੀ ਅਤੇ ਮੈਂ ਤੈਨੂੰ ਵਿਸਰਾਮ ਦਿਆਂਗਾ।

ਤੁਹਾਨੂੰ ਇਹ ਦਿਖਾਉਣ ਲਈ ਕਿ ਹਰ ਸਥਿਤੀ ਵਿੱਚ ਕਿਵੇਂ ਪਰਮੇਸ਼ੁਰ ਦੇ ਵਚਨ ਦੇ ਅਨੁਸਾਰ ਰਹਿਣਾ ਹੈ, ਪਰਮੇਸ਼ੁਰ ਦੇ ਰਾਹਾਂ ਨੂੰ ਜਾਨਣਾ।

- ਮੱਤੀ 28:20 ਵੇਖੋ ਮੈਂ ਜੁਗ ਦੇ ਅੰਤ ਤੀਕਰ ਹਰ ਵੇਲੇ ਤੁਹਾਡੇ ਨਾਲ ਹਾਂ।
- ਯੂਹੰਨਾ 14:16 ਅਤੇ ਮੈਂ ਆਪਣੇ ਪਿਤਾ ਤੋਂ ਮੰਗਾਂਗਾ ਅਰ ਉਹ ਤੁਹਾਨੂੰ ਦੂਜਾ ਸਹਾਇਕ ਬਖ਼ਸ਼ੇਗਾ ਭਈ ਉਹ ਸਦਾ ਤੁਹਾਡੇ ਸੰਗ ਰਹੇ। NASU
- ਇਬਰਾਨੀਆਂ 13:5 ਉਹ ਨੇ ਆਪ ਆਖਿਆ ਹੈ ਭਈ ਮੈਂ ਤੈਨੂੰ ਕਦੇ ਨਾ ਛੱਡਾਂਗਾ, ਨਾ ਕਦੇ ਤੈਨੂੰ ਤਿਆਗਾਂਗਾ। NIV

ਕੂਚ 33:15 **ਫੇਰ ਉਸ ਆਖਿਆ, ਜੇ ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਏਥੋਂ ਉਤਾਹਾਂ ਨਾ ਲੈ ਜਾਵੀਂ।**

- ਸਾਨੂੰ ਵੀ **ਇਸੇ ਤਰ੍ਹਾਂ** ਦੇ ਵਿਹਾਰ ਦੀ ਲੋੜ ਹੈ! **ਸਾਡੇ ਨਾਲ** ਉਸ ਦੀ **ਹਜ਼ੂਰੀ** ਬਾਰੇ **ਜਾਗਰੂਕ ਰਹਿਣਾ** ਅਤੇ ਸਾਡੇ ਨਾਲ ਉਸ ਦੀ ਹਜ਼ੂਰੀ ਉੱਤੇ **ਨਿਰਭਰ ਹੋਣਾ।**

  - ਕਹਾਉਤਾਂ 3:5-6 ਆਪਣੇ ਪੂਰੇ ਦਿਲ ਨਾਲ ਯਹੋਵਾਹ ਉੱਤੇ ਭਰੋਸਾ ਰੱਖ, ਅਤੇ ਆਪਣੀ ਹੀ ਸਮਝ ਉੱਤੇ ਅਤਬਾਰ ਨਾ ਕਰ। **ਆਪਣੇ ਸਾਰਿਆਂ ਰਾਹਾਂ ਵਿੱਚ ਉਹ ਨੂੰ ਪਛਾਣ**, (ਉਸ ਦੀ ਹਜ਼ੂਰੀ) ਅਤੇ ਉਹ ਤੇਰੇ ਮਾਰਗਾਂ ਨੂੰ ਸਿੱਧਾ ਕਰੇਗਾ।

ਕੂਚ 33:16 ਫੇਰ ਏਹ ਕਿਵੇਂ ਜਾਣਿਆ ਜਾਵੇਗਾ ਭਈ ਤੇਰੀ **ਕਿਰਪਾ** ਦੀ ਨਿਗਾਹ ਮੇਰੇ ਉੱਤੇ ਅਤੇ ਤੇਰੀ ਪਰਜਾ ਉੱਤੇ ਹੈ? ਕੀ ਏਹ ਐਉਂ ਨਹੀਂ ਭਈ **ਤੂੰ ਸਾਡੇ ਨਾਲ ਜਾਂਦਾ ਹੈਂ** ਸੋ ਅਸੀਂ ਅਰਥਾਤ ਮੈਂ ਅਰ ਤੇਰੀ ਏਹ ਪਰਜਾ ਸਾਰਿਆ ਲੋਕਾਂ ਵਿੱਚੋਂ ਜਿਹੜੇ ਜ਼ਮੀਨ ਉੱਤੇ ਹਨ **ਅਣੋਖੇ** ਰੱਖੇ ਹੋਏ ਹਾਂ?

ਉਸ ਦੀ ਹਜ਼ੂਰੀ ਸਾਨੂੰ ਦੂਸਰੇ ਸਾਰੇ ਲੋਕਾਂ ਨਾਲੋਂ ਵੱਖਰਾ ਬਣਾਉਂਦੀ ਹੈ।

ਸਾਨੂੰ ਆਪਣੇ ਆਪ ਨੂੰ ਪੁੱਛਣਾ ਚਾਹੀਦਾ ਹੈ:

- ਕੀ ਮੈਂ ਸਾਰੇ ਲੋਕਾਂ ਨਾਲੋਂ ਅਲੱਗ ਹਾਂ?
- ਕੀ ਦੂਸਰੇ ਮੈਨੂੰ ਦੇਖ ਕੇ ਜਾਣਦੇ ਹਨ ਕਿ ਉਸ ਦੀ ਹਜ਼ੂਰੀ ਕਰਕੇ ਮੈਂ ਵੱਖਰਾ ਦਿਸਦਾ ਹਾਂ?
- ਸਾਨੂੰ ਉਹ ਕਹਿਣ ਦੇ ਯੋਗ ਹੋਣਾ ਚਾਹੀਦਾ ਹੈ ਜੋ ਯਿਸੂ ਨੇ ਕਿਹਾ:
  ਮੈਂ ਤੇਰਾ ਨਾਮ ਪਰਗਟ ਕੀਤਾ.....ਯੂਹੰਨਾ 17:6

- **ਜੇਕਰ ਤੁਹਾਡੇ ਦਿਲ ਦੀ** ਇਹ **ਇੱਛਾ** ਹੈ, ਜੋ ਮੂਸਾ ਦੀ ਸੀ ਤਾਂ ਪਰਮੇਸ਼ੁਰ ਆਖਦਾ ਹੈ:

ਕੂਚ 33:17 ਯਹੋਵਾਹ ਨੇ ਮੂਸਾ ਨੂੰ ਆਖਿਆ, ਜਿਹੜੀ ਗੱਲ ਤੈਂ ਕੀਤੀ ਹੈ ਮੈਂ ਏਹ ਵੀ ਕਰਾਂਗਾ ਕਿਉਂ ਜੋ ਮੇਰੀ **ਕਿਰਪਾ** ਦੀ ਨਿਗਾਹ **ਤੇਰੇ** ਉੱਤੇ ਹੈ ਅਤੇ ਮੈਂ ਤੈਨੂੰ ਨਾਉਂ ਤੋਂ ਜਾਣਦਾ ਹਾਂ।

- ਇਹ ਮਹਿਸੂਸ ਕਰਨਾ ਸ਼ੁਰੂ ਕਰਦੇ ਹੋਏ ਕਿ **ਉਸ ਉੱਤੇ ਪਰਮੇਸ਼ੁਰ ਦੀ ਕਿਰਪਾ ਹੈ** . . . ਮੂਸਾ ਦਿਲੇਰੀ ਨਾਲ ਪੁੱਛਦਾ ਹੈ:

ਕੂਚ 33:18 ਤਾਂ ਉਸ ਆਖਿਆ, **ਮੈਨੂੰ ਆਪਣਾ ਤੇਜ ਵਿਖਾਈਂ।**

- ❖ ਪਰਮੇਸ਼ੁਰ ਨੂੰ ਜਾਨਣ ਦੀ ਉਸ ਦੀ ਇੱਛਾ ਅਤੇ ਦਿਲੇਰੀ ਨੇ ਉਸ ਨੂੰ ਪ੍ਰਸੰਨ ਕੀਤਾ ਅਤੇ ਪਰਮੇਸ਼ੁਰ ਨੇ ਉੱਤਰ ਦਿੱਤਾ:

ਕੂਚ 33:19-20 ਤਾਂ ਉਸ ਆਖਿਆ,ਮੈਂ ਆਪਣੀ ਸਾਰੀ ਭਲਿਆਈ ਤੇਰੇ ਅੱਗੋਂ ਦੀ ਲੰਘਾਵਾਂਗਾ ਅਰ ਤੇਰੇ ਅੱਗੇ ਯਹੋਵਾਹ ਦੇ ਨਾਉਂ ਦਾ ਪਰਚਾਰ ਕਰਾਂਗਾ (ਪਰਕਾਸ਼) ਅਰ ਜਿਸ ਉੱਤੇ ਦਿਆਲ ਹਾਂ ਉਸ ਉੱਤੇ ਦਿਆਲ ਹੋਵਾਂਗਾ ਅਤੇ ਜਿਸ ਉੱਤੇ ਰਹਮ ਕਰਨਾ ਹੈ ਰਹਮ ਕਰਾਂਗਾ। ਤਾਂ ਉਸ ਆਖਿਆ, ਤੂੰ ਮੇਰਾ ਮੂੰਹ ਨਹੀਂ ਵੇਖ ਸੱਕਦਾ ਕਿਉਂ ਜੋ ਕੋਈ ਆਦਮੀ ਮੈਨੂੰ ਵੇਖ ਕੇ ਜੀ ਨਹੀਂ ਸੱਕਦਾ।

ਕੂਚ 33:21-23 ਤਾਂ ਯਹੋਵਾਹ ਨੇ ਆਖਿਆ, ਵੇਖ **ਮੇਰੇ ਕੋਲ ਇੱਕ ਥਾਂ ਹੈ** ਅਰ ਤੂੰ **ਇੱਕ ਚਟਾਨ ਉੱਤੇ** ਖਲੋ ਜਾਵੀਂ। (22) ਅਰ ਐਉਂ ਹੋਵੇਗਾ ਕਿ ਜਦ **ਮੇਰਾ ਤੇਜ** ਲੰਘ ਜਾਵੇ ਤਾਂ ਮੈਂ ਤੈਨੂੰ **ਪੱਥਰ ਦੀ ਇੱਕ ਖੁੰਧਰ** ਵਿੱਚ ਪਾਵਾਂਗਾ ਅਤੇ ਲੰਘਣ ਦੇ ਵੇਲੇ ਮੈਂ ਤੈਨੂੰ ਆਪਣੇ ਹੱਥ ਨਾਲ ਢੱਕਾਂਗਾ। (23) ਮੈਂ ਆਪਣਾ ਹੱਥ ਹਟਾਵਾਂਗਾ ਅਤੇ ਤੂੰ ਮੇਰਾ ਪਿੱਛਾ ਵੇਖੇਂਗਾ ਪਰ ਮੇਰਾ ਮੂੰਹ ਨਾ ਦਿੱਸੇਗਾ।

- ▪ ਚਟਾਨ ਉੱਤੇ – *"ਮੇਰੇ ਬਚਾਓ ਦੀ ਚਟਾਨ"* 2 ਸਮੂਏਲ 22:47; ਜ਼ਬੂਰ 89:26

- ▪ **ਮੇਰੇ ਕੋਲ ਇੱਕ ਥਾਂ ਹੈ** ਇੱਕ ਖਾਸ ਸਥਾਨ।

    - ○ ਪਰਮੇਸ਼ੁਰ ਦੇ ਮਨ ਦੇ ਅਨੁਸਾਰ ਮਨੁੱਖ ਹੋਣ ਤੇ ਦਾਊਦ ਨੇ ਵੀ ਗੁਪਤ ਸਥਾਨ ਦੇ ਬਾਰੇ ਗੱਲ ਕੀਤੀ।

ਜ਼ਬੂਰ 27:5 ਬਿਪਤਾ ਦੇ ਦਿਨ ਉਹ ਤਾਂ ਮੈਨੂੰ ਆਪਣੇ ਮੰਡਪ ਵਿੱਚ ਲੁਕਾਵੇਗਾ, ਅਤੇ ਆਪਣੇ **ਤੰਬੂ ਦੇ ਪੜਦੇ** ਵਿੱਚ ਮੈਨੂੰ ਛਿਪਾਵੇਗਾ, ਉਹ ਮੈਨੂੰ ਚਟਾਨ ਤੇ ਉੱਚਾ ਕਰੇਗਾ।

ਜ਼ਬੂਰ 27:4 ਮੈਂ ਯਹੋਵਾਹ ਤੋਂ **ਇੱਕ ਗੱਲ ਮੰਗੀ ਹੈ** ਅਤੇ ਮੈਂ ਉਹੀ ਭਾਲਾਂਗਾ, ਕਿ ਮੈਂ ਜੀਉਣ ਭਰ ਯਹੋਵਾਹ ਦੇ ਘਰ ਵੱਸਾਂ, ਤਾਂ ਜੋ ਮੈਂ ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ, ਅਤੇ ਉਹ ਦੀ ਹੈਕਲ ਵਿੱਚ ਧਿਆਨ ਕਰਾਂ। NKJV

ਜ਼ਬੂਰ 27:7-9 ਹੇ ਯਹੋਵਾਹ, ਮੇਰੀ ਪੁਕਾਰ ਦੀ ਅਵਾਜ਼ ਨੂੰ ਸੁਣ, ਮੇਰੇ ਉੱਤੇ ਦਯਾ ਕਰ ਅਤੇ ਮੈਨੂੰ ਉੱਤਰ ਦੇਹ। "**ਮੇਰੇ ਦਰਸ਼ਣ ਦੀ ਖੋਜ ਕਰੋ**," ਤਾਂ ਮੇਰੇ ਮਨ ਨੇ ਤੈਨੂੰ ਆਖਿਆ, **ਹੇ ਯਹੋਵਾਹ, ਮੈਂ ਤੇਰੇ ਦਰਸ਼ਣ ਦੀ ਖੋਜ ਕਰਾਂਗਾ**। ਆਪਣਾ ਮੁੱਖ ਮੈਥੋਂ ਨਾ ਲੁਕਾ, ਆਪਣੇ ਦਾਸ ਨੂੰ ਕ੍ਰੋਧ ਨਾਲ ਪਰੇ ਨਾ ਹਟਾ, ਤੂੰ ਮੇਰਾ ਸਹਾਇਕ ਰਿਹਾ ਹੈਂ, ਨਾ ਮੈਨੂੰ ਛੱਡ, ਨਾ ਮੈਨੂੰ ਤਿਆਗ, ਹੇ ਮੇਰੇ ਮੁਕਤੀ ਦੇ ਪਰਮੇਸ਼ੁਰ!

ਜ਼ਬੂਰ 31:20 ਤੂੰ ਉਨ੍ਹਾਂ ਨੂੰ ਆਪਣੀ **ਦਰਗਾਹ ਦੀ ਓਟ** ਵਿੱਚ ਮਨੁੱਖ ਦੀਆਂ ਜੁਗਤਾਂ ਤੋਂ ਛਿਪਾਵੇਂਗਾ, ਤੂੰ ਉਨ੍ਹਾਂ ਨੂੰ ਜੀਭਾਂ ਦੇ ਝਗੜੇ ਤੋਂ ਮੰਡਪ ਵਿੱਚ ਲੁਕਾ ਰੱਖੇਂਗਾ।

ਸਰੇਸ਼ਟ ਗੀਤ 2:14 ਹੇ ਮੇਰੀਏ ਕਬੂਤਰੀਏ, ਜਿਹੜੀ **ਚਟਾਨ ਦੀਆਂ ਤੇੜਾਂ ਵਿੱਚ**, ਢਲਾਣ ਦੇ **ਓਹਲੇ ਵਿੱਚ** ਹੈਂ, ਮੈਨੂੰ ਆਪਣਾ ਚਿਹਰਾ ਵਿਖਾ, ਮੈਨੂੰ ਆਪਣੀ ਅਵਾਜ਼ ਸੁਣਾ, ਕਿਉਂ ਜੋ ਤੇਰੀ ਅਵਾਜ਼ ਰਸੀਲੀ ਅਤੇ ਤੇਰਾ ਚਿਹਰਾ ਸੋਹਣਾ ਹੈ।

- ਗੁਪਤ ਸਥਾਨ ਪਰਮੇਸ਼ੁਰ ਨਾਲ ਮਿੱਤਰਤਾ ਅਤੇ ਸੰਗਤੀ ਦਾ ਖਾਸ ਸਥਾਨ ਹੈ। ਇਹ ਸਥਾਨ ਕੇਵਲ ਉਨ੍ਹਾਂ ਲਈ ਹੈ ਜੋ ਪਰਮੇਸ਼ੁਰ ਦੀ ਮਹਿਮਾ ਲਈ ਉਤਸ਼ਾਹ ਅਤੇ ਜੋਸ਼ ਰੱਖਦੇ ਹਨ।

- ਜਿਵੇਂ ਮੂਸਾ ਦੀ **ਉਸ ਦੀ ਮਹਿਮਾ ਨੂੰ ਦੇਖਣ** ਦੀ ਵੱਡੀ **ਇੱਛਾ** ਸੀ, ਉਸੇ ਤਰ੍ਹਾਂ **ਯਿਸੂ ਦੀ ਸਾਡੇ ਲਈ ਇੱਛਾ ਹੈ ਕਿ ਅਸੀਂ ਉਸ ਦੀ ਮਹਿਮਾ ਦੇਖੀਏ।**

  ਯੂਹੰਨਾ 17:24 *ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ ਮੇਰੇ ਨਾਲ ਹੋਣ ਤਾਂ ਜੋ* ***ਓਹ ਮੇਰੀ ਵਡਿਆਈ*** *ਜੋ ਤੈਂ ਮੈਨੂੰ ਦਿੱਤੀ ਹੈ* ***ਵੇਖਣ*** *ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੇ ਹੀ ਪਿਆਰ ਕੀਤਾ।*

- ਜਿਸ ਹੱਦ ਤੱਕ ਇਹ ਤੀਬਰ ਇੱਛਾ ਸਾਨੂੰ ਹੁੰਦੀ ਹੈ -> **ਅਸੀਂ** ਉਸ ਦੀ ਮਹਿਮਾ ਨੂੰ ਦੇਖਦੇ ਹਾਂ:

  2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁਖ ਨਾਲ **ਪ੍ਰਭੂ ਦੇ ਤੇਜ** ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤਿਬਿੰਬ **ਵੇਖਦੇ** ਹੋਏ **ਤੇਜ** ਤੋਂ **ਤੇਜ** ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ **ਰੂਪ ਵਿੱਚ ਬਦਲਦੇ ਜਾਂਦੇ ਹਾਂ**।

  - ਦਰਪਣ –ਸ੍ਰਿਸ਼ਟੀ ਉਸ ਨੂੰ ਉਸੇ ਤਰ੍ਹਾਂ ਪ੍ਰਤੀਬਿੰਬਤ ਕਰਦੀ ਹੈ ਜਿਵੇਂ ਉਸ ਦੇ ਲੋਕ ਅਤੇ ਉਸ ਦਾ ਵਚਨ ਉਸ ਨੂੰ ਪ੍ਰਤੀਬਿੰਬਤ ਕਰਦਾ ਹੈ।

- ਜਦੋਂ ਅਸੀਂ ਪਰਮੇਸ਼ੁਰ ਦੇ ਪਿੱਛੇ ਇਸ ਤਰ੍ਹਾਂ ਦੇ ਜੋਸ਼ ਦੇ ਨਾਲ ਚੱਲਦੇ ਹਾਂ – ਇਹ ਸਾਨੂੰ ਉਸ ਦੇ ਰੂਪ ਵਿੱਚ ਹੋਰ ਜਿਆਦਾ ਬਦਲਦਾ ਜਾਂਦਾ ਹੈ . . . ਤੇਜ ਤੋਂ ਤੇਜ ਤੀਕ:

    - ਉਸੇ ਮਕਸਦ ਲਈ ਜੋ ਉਸ ਦੇ ਪੁੱਤਰ ਦਾ ਸੀ:
      ਆਪਣੇ ਪੁੱਤਰ ਦੀ ਵਡਿਆਈ ਕਰ **ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ**। ਯੂਹੰਨਾ 17:1

        - ਇਸ ਧਰਤੀ ਉੱਤੇ ਸਾਡਾ ਇਹੋ ਮਕਸਦ ਹੈ। ਜਿਸ ਤਰਾਂ ਤੈਂ ਮੈਨੂੰ ਜਗਤ ਵਿੱਚ ਘੱਲਿਆ ਮੈਂ ਵੀ ਓਹਨਾਂ ਨੂੰ ਜਗਤ ਵਿੱਚ ਘੱਲਿਆ। ਯੂਹੰਨਾ 17:18

        - ਸਾਡਾ ਓਹੀ ਮਿਸ਼ਨ ਹੈ ਜੋ ਯਿਸੂ ਦਾ ਸੀ:
          **"ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ"**

    - ਤਾਂ ਫਿਰ ਅਸੀਂ ਯਿਸੂ ਨਾਲ ਆਖ ਸਕਦੇ ਹਾਂ:
      ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰਕੇ **ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ**। ਯੂਹੰਨਾ 17:4
      ਅਤੇ:
      **ਮੈਂ ਤੇਰਾ ਨਾਮ ਪਰਗਟ ਕੀਤਾ.....** ਯੂਹੰਨਾ 17:6

ਯਿਸੂ ਨੇ ਆਪਣੇ ਪਿਤਾ ਦੇ ਨਾਮ ਨੂੰ ਪਰਗਟ ਕੀਤਾ:

ਯੂਹੰਨਾ 17:6 ਜਿਹੜੇ ਮਨੁੱਖ ਤੈਂ ਜਗਤ ਵਿੱਚੋਂ ਮੈਨੂੰ ਦਿੱਤੇ ਓਹਨਾਂ ਉੱਤੇ **ਮੈਂ ਤੇਰਾ ਨਾਮ ਪਰਗਟ ਕੀਤਾ।** ਓਹ ਤੇਰੇ ਸਨ ਅਤੇ ਤੈਂ ਓਹ ਮੈਨੂੰ ਦਿੱਤੇ ਅਰ ਓਹਨਾਂ ਨੇ ਤੇਰੇ ਬਚਨ ਦੀ ਪਾਲਨਾ ਕੀਤੀ ਹੈ।

ਯੂਹੰਨਾ 17:26 ਅਰ **ਮੈਂ ਤੇਰਾ ਨਾਮ** ਏਹਨਾਂ ਉੱਤੇ **ਪਰਗਟ ਕੀਤਾ** ਅਤੇ ਪਰਗਟ ਕਰਾਂਗਾ ਤਾਂ ਜਿਸ ਪ੍ਰੇਮ ਨਾਲ ਤੈਂ ਮੈਨੂੰ ਪਿਆਰ ਕੀਤਾ ਸੋਈ ਓਹਨਾਂ ਵਿੱਚ ਹੋਵੇ ਅਤੇ ਮੈਂ ਓਹਨਾਂ ਵਿੱਚ ਹੋਵਾਂ।

ਪ੍ਰਸ਼ਨ ਇਹ ਹੈ: ਕੀ ਤੁਹਾਡੇ ਅੰਦਰ ਵੀ ਇਸ ਤਰ੍ਹਾਂ ਦਾ ਜੋਸ਼ ਹੈ ਅਤੇ ਪਰਮੇਸ਼ੁਰ ਦੀ ਮਹਿਮਾ ਨੂੰ ਦੇਖਣ ਅਤੇ ਪ੍ਰਚਾਰ ਕਰਨ ਦੀ ਇੱਛਾ ਹੈ?

ਇਸ ਦੀ ਜ਼ਰੂਰਤ ਹੈ: ਜ਼ਬੂਰ 63:1 ਹੇ ਪਰਮੇਸ਼ੁਰ, ਤੂੰ ਮੇਰਾ ਪਰਮੇਸ਼ੁਰ ਹੈਂ, ਮੈਂ **ਦਿਲ ਤੋਂ** (ਸ਼ਾਬਦਿਕ: ਪ੍ਰਭਾਤ ਨੂੰ)

ਤੈਨੂੰ ਭਾਲਦਾ ਹਾਂ, ਮੇਰੀ ਜਾਨ ਤੇਰੀ ਤਿਹਾਈ ਹੈ, ਮੇਰਾ ਸਰੀਰ ਤੇਰੇ ਲਈ ਤਰਸਦਾ ਹੈ, ਸੁੱਕੀ ਅਤੇ ਬੰਜਰ ਧਰਤੀ ਵਿੱਚ ਜਿੱਥੇ ਪਾਣੀ ਨਹੀਂ ਹੈ। NIV

ਸਰੇਸ਼ਟ ਗੀਤ 7:12 ਅਸੀਂ ਸਵੇਰੇ ਹੀ **...**

**III.** ਜੋ ਪ੍ਰੇਮ ਵਾਲਾ ਸੰਬੰਧ ਹੁੰਦਾ ਹੈ ਉਸ ਵਿੱਚ ਕੇਵਲ ਗੱਲਬਾਤ (ਪ੍ਰਾਰਥਨਾ) ਹੀ ਸ਼ਾਮਿਲ ਨਹੀਂ ਹੈ ਪਰ ਇਹ ਸਾਡੇ ਮਨ ਵਿੱਚ ਅਤੇ ਬੁੱਲਾਂ ਉੱਤੇ ਗੀਤ ਵੀ ਲੈ ਆਉਂਦਾ ਹੈ – ਅਰਾਧਨਾ

ਜ਼ਬੂਰ 59:16 ਪਰ **ਮੈਂ** ਤੇਰੀ ਸਮਰੱਥਾ ਨੂੰ **ਗਾਵਾਂਗਾ**, ਅਤੇ **ਸਵੇਰ ਨੂੰ** ਤੇਰੀ ਦਯਾ ਦਾ **ਜੈ ਜੈ ਕਾਰ ਕਰਾਂਗਾ**। ਤੂੰ ਤਾਂ ਮੇਰਾ ਉੱਚਾ ਗੜ੍ਹ ਅਤੇ ਮੇਰੀ ਬਿਪਤਾ ਦੇ ਦਿਨ ਮੇਰੀ ਪਨਾਹਗਾਹ ਰਿਹਾ ਹੈਂ। NASU

ਜ਼ਬੂਰ 90:14 ਸਵੇਰ ਨੂੰ ਆਪਣੀ ਦਯਾ ਨਾਲ **ਸਾਡੀ ਨਿਸ਼ਾ ਕਰ**, ਭਈ **ਅਸੀਂ** ਆਪਣੇ ਸਾਰੇ ਦਿਨ **ਜੈਕਾਰੇ ਗਜਾਈਏ** ਅਤੇ ਅਨੰਦ ਕਰੀਏ।

ਜ਼ਬੂਰ 92:2 ਨਾਲੇ **ਸਵੇਰ** ਨੂੰ ਤੇਰੀ ਦਯਾ ਦਾ, ਅਤੇ ਰਾਤ ਨੂੰ ਤੇਰੀ ਵਫ਼ਾਦਾਰੀ ਦਾ **ਪਰਚਾਰ ਕਰਨਾ**,

ਜ਼ਬੂਰ 143:8 **ਸਵੇਰ** ਨੂੰ ਆਪਣੀ ਦਯਾ ਦੀ ਮੈਨੂੰ ਸੁਣਾਈ ਕਰ, ਮੈਂ ਜੋ ਤੇਰਾ ਭਰੋਸਾ ਰੱਖਿਆ ਹੈ, ਮੇਰੇ ਤੁਰਨ ਦਾ ਰਾਹ ਮੈਨੂੰ ਦੱਸ, ਮੈਂ ਤਾਂ ਆਪਣੀ ਜਾਨ ਤੇਰੀ ਵੱਲ ਉਠਾ ਰੱਖੀ ਹੈ।

IV. ਦਾਊਦ ਪਰਮੇਸ਼ੁਰ ਦੇ ਲਿਖੇ ਅਤੇ ਬੋਲੇ ਹੋਏ ਵਚਨ ਤੋਂ ਪ੍ਰਸੰਨ ਰਹਿੰਦਾ ਸੀ ਅਤੇ ਉਸ ਦੇ ਅਨੁਸਾਰ ਜੀਵਨ ਗੁਜ਼ਾਰਦਾ ਸੀ। (ਮੱਤੀ 7:24-27)

ਜ਼ਬੂਰ 119:1-3 **ਧੰਨ** ਓਹ ਹਨ ਜਿਹੜੇ **ਪਰਮ** ਚਾਲ ਹਨ, ਜਿਹੜੇ **ਯਹੋਵਾਹ ਦੀ ਬਿਵਸਥਾ** ਉੱਤ ਚੱਲਦੇ ਹਨ! **ਧੰਨ** ਓਹ ਹਨ ਜਿਹੜੇ ਉਹ ਦੀਆਂ ਸਾਖੀਆਂ ਨੂੰ ਮੰਨਦੇ, ਅਤੇ **ਮਨੋਂ ਤਨੋਂ ਉਹ ਨੂੰ ਭਾਲਦੇ ਹਨ**! ਓਹ ਤਾਂ ਬਦੀ ਨਹੀਂ ਕਰਦੇ, ਓਹ ਉਸ ਦੇ ਰਾਹਾਂ ਵਿੱਚ ਚੱਲਦੇ ਹਨ। NASU

ਆਇਤ: 5 ਕਾਸ਼ ਕਿ **ਮੇਰੀ ਚਾਲ** ਤੇਰੀਆਂ ਬਿਧੀਆਂ ਦੀ ਪਾਲਨਾ ਕਰਨ ਲਈ ਪੱਕੀ ਹੋਵੇ!
ਆਇਤ: 8 **ਮੈਂ** ਤੇਰੀਆਂ ਬਿਧੀਆਂ ਦੀ ਪਾਲਨਾ **ਕਰਾਂਗਾ**। ਦਾਊਦ ਦਾ ਸਮਰਪਣ

ਆਇਤ: 9-11 **ਜੁਆਨ ਕਿਦਾਂ ਆਪਣੀ ਚਾਲ ਨੂੰ ਸੁੱਧ ਰੱਖੇ?** ਉਹ **ਤੇਰੇ ਬਚਨ** ਦੇ ਅਨੁਸਾਰ ਉਹ ਦੀ ਚੌਕਸੀ ਕਰੇ। ਮੈਂ **ਆਪਣੇ ਸਾਰੇ ਮਨ ਨਾਲ** ਤੈਨੂੰ ਭਾਲਿਆ ਹੈ, ਆਪਣੇ ਹੁਕਮਾਂ ਤੋਂ ਮੈਨੂੰ ਭਟਕਣ ਨਾ ਦੇਹ! **ਮੈਂ ਤੇਰੇ ਬਚਨ ਨੂੰ ਆਪਣੇ ਮਨ ਵਿੱਚ ਜਮਾ ਕਰ ਲਿਆ, ਤਾਂ ਜੋ ਤੇਰਾ ਪਾਪ ਨਾ ਕਰਾਂ।**

ਆਇਤ: 13-16 **ਦਾਊਦ ਦਾ ਸਮਰਪਣ: ਮੈਂ** ਆਪਣੇ ਬੁੱਲ੍ਹਾਂ ਨਾਲ ਤੇਰੇ ਮੂੰਹ ਦੇ ਸਾਰੇ ਨਿਆਵਾਂ ਦਾ **ਨਿਰਨਾ ਕੀਤਾ**। ਮੈਂ ਤੇਰੀਆਂ ਸਾਖੀਆਂ ਦੇ ਰਾਹ ਵਿੱਚ **ਖੁਸ਼ ਰਿਹਾ**, ਜਿਵੇਂ ਸਾਰੀ ਦੌਲਤ ਉੱਤੇ। **ਮੈਂ** ਤੇਰੇ ਫ਼ਰਮਾਨਾਂ ਵਿੱਚ **ਲੀਨ ਹੋਵਾਂਗਾ**, ਅਤੇ ਤੇਰੇ ਮਾਰਗਾਂ ਉੱਤੇ ਗੌਹ ਕਰਾਂਗਾ। **ਮੈਂ** ਤੇਰੀਆਂ ਬਿਧੀਆਂ ਵਿੱਚ **ਮਗਨ ਰਹਾਂਗਾ**, **ਮੈਂ ਤੇਰੇ ਬਚਨ ਨੂੰ ਨਹੀਂ ਵਿਸਾਰਾਂਗਾ**।

ਆਇਤ: 18 **ਮੇਰੀਆਂ ਅੱਖਾਂ ਖੋਲ੍ਹ**, ਭਈ ਮੈਂ ਤੇਰੀ ਬਿਵਸਥਾ ਦੀਆਂ ਅਚਰਜ ਗੱਲਾਂ ਨੂੰ ਵੇਖਾਂ!

ਆਇਤ: 20 ਮੇਰੀ ਜਾਨ ਹਰ ਵੇਲੇ ਤੇਰਿਆਂ ਨਿਆਵਾਂ ਦੀ **ਤਾਂਘ ਵਿੱਚ** ਟੁੱਟਦੀ ਹੈ।

ਆਇਤ: 24 ਤੇਰੀਆਂ ਸਾਖੀਆਂ ਵੀ ਮੇਰੀ **ਖੁਸ਼ੀ**, ਅਤੇ ਮੇਰੇ ਲਈ ਸਲਾਹਕਾਰ ਹਨ।

ਆਇਤ: 26-27 ਮੈਂ ਆਪਣੀ ਚਾਲ ਨੂੰ ਪਰਗਟ ਕੀਤਾ ਅਤੇ ਤੈਂ ਮੈਨੂੰ ਉੱਤਰ ਦਿੱਤਾ, ਆਪਣੀਆਂ ਬਿਧੀਆਂ **ਮੈਨੂੰ ਸਿਖਲਾ**! ਆਪਣੇ ਫ਼ਰਮਾਨਾਂ ਦਾ ਰਾਹ ਮੈਨੂੰ ਸਮਝਾ, **ਤਾਂ ਮੈਂ** ਤੇਰੇ ਅਚਰਜ ਕੰਮਾਂ ਉੱਤੇ **ਧਿਆਨ ਲਾਵਾਂਗਾ।**

ਆਇਤ: 31 **ਮੈਂ** ਤੇਰੀਆਂ ਸਾਖੀਆਂ ਨੂੰ **ਫੜ ਛੱਡਿਆ ਹੈ**

ਆਇਤ: 32 ਜਦ ਤੂੰ ਮੇਰੇ ਮਨ ਨੂੰ ਵਧਾਵੇਂਗਾ, ਤਦ **ਮੈਂ** ਤੇਰੇ ਹੁਕਮਾਂ ਦੇ ਮਾਰਗ ਉੱਤੇ **ਦੌੜਿਆ ਜਾਵਾਂਗਾ**!।

ਆਇਤ: 33-36 ਹੇ ਯਹੋਵਾਹ, ਤੂੰ ਆਪਣੀਆਂ ਬਿਧੀਆਂ ਦਾ ਰਾਹ **ਮੈਨੂੰ ਸਿਖਲਾ**, ਤਾਂ **ਮੈਂ** ਅੰਤ ਤੀਕ ਉਹ ਨੂੰ **ਸੰਭਾਲੀ ਰੱਖਾਂਗਾ**। **ਮੈਨੂੰ ਸਮਝ ਦੇਹ** ਅਤੇ ਮੈਂ ਤੇਰੀ ਬਿਵਸਥਾ ਨੂੰ ਸਾਂਭਾਂਗਾ, ਸਗੋਂ **ਆਪਣੇ ਸਾਰੇ ਮਨ ਨਾਲ ਉਹ ਦੀ ਪਾਲਨਾ ਕਰਾਂਗਾ**। ਮੈਨੂੰ ਆਪਣੇ ਹੁਕਮਾਂ ਦੇ ਮਾਰਗ ਦੀ ਅਗਵਾਈ ਕਰ, ਕਿਉਂ ਜੋ ਉਸ ਵਿੱਚ ਮੈਂ ਮਗਨ ਹਾਂ! ਆਪਣੀਆਂ ਸਾਖੀਆਂ ਵੱਲ ਮੇਰਾ ਦਿਲ ਮੋੜ, ਨਾ ਕਿ ਲੋਭ ਵੱਲ

ਆਇਤ: 44 ਤਾਂ ਮੈਂ ਤੇਰੀ ਬਿਵਸਥਾ ਦੀ ਹਰ ਵੇਲੇ ਸਦਾ ਤੀਕ ਪਾਲਨਾ ਕਰਾਂਗਾ।

ਆਇਤ: 45 ਅਤੇ ਮੈਂ ਖੁਲ੍ਹਮਖੁਲ੍ਹਾ (*ਅਜ਼ਾਦੀ – NIV*) ਚੱਲਦਾ ਫਿਰਾਂਗਾ, ਕਿਉਂ ਜੋ ਮੈਂ ਤੇਰੇ ਫ਼ਰਮਾਨਾਂ ਦਾ ਤਾਲਿਬ ਰਿਹਾ।

ਆਇਤ: 47 ਮੈਂ ਤੇਰੇ ਹੁਕਮਾਂ ਵਿੱਚ ਅੱਤ ਖੁਸ਼ ਹੋਵਾਂਗਾ, ਜਿਨ੍ਹਾਂ ਨਾਲ ਮੈਂ ਪ੍ਰੀਤ ਲਾਈ ਹੈ।

ਆਇਤ: 48 ਮੈਂ ਤੇਰੇ ਹੁਕਮਾਂ ਵੱਲ ਜਿਨ੍ਹਾਂ ਨਾਲ ਮੈਂ ਪ੍ਰੀਤ ਲਾਈ ਹੈ ਆਪਣੇ ਹੱਥ ਅੱਡਾਂਗਾ, ਅਤੇ ਤੇਰੀਆਂ ਬਿਧੀਆਂ ਵਿੱਚ ਲੀਨ ਹੋਵਾਂਗਾ।

ਆਇਤ: 51 ਹੰਕਾਰੀਆਂ ਨੇ ਮੈਨੂੰ ਠੱਠੇ ਵਿੱਚ ਬਹੁਤ ਉਡਾਇਆ ਹੈ, ਪਰ ਮੈਂ ਤੇਰੀ ਬਿਵਸਥਾ ਤੋਂ ਬੇਮੁਖ ਨਾ ਹੋਇਆ।

ਆਇਤ: 54 ਤੇਰੀਆਂ ਬਿਧੀਆਂ ਮੇਰੇ ਮੁਸਾਫ਼ਰੀ ਦੇ ਘਰ ਵਿੱਚ ਮੇਰੇ ਭਜਨ ਸਨ।

ਆਇਤ: 57 ਯਹੋਵਾਹ ਮੇਰਾ ਭਾਗ ਹੈ, ਮੈਂ ਆਖਿਆ, ਮੈਂ ਤੇਰਿਆਂ ਬਚਨਾਂ ਦੀ ਪਾਲਨਾ ਕਰਾਂਗਾ।

ਆਇਤ: 59 ਮੈਂ ਆਪਣੇ ਚਾਲ ਚਲਣ ਨੂੰ ਸੋਚਿਆ, ਅਤੇ ਆਪਣੇ ਪੈਰ ਤੇਰੀਆਂ ਸਾਖੀਆਂ ਵੱਲ ਫੇਰੇ ਹਨ।

ਆਇਤ: 62 ਤੇਰੇ ਧਰਮ ਦਿਆਂ ਨਿਆਵਾਂ ਦੇ ਕਾਰਨ, ਅੱਧੀ ਰਾਤ ਨੂੰ ਮੈਂ ਉੱਠ ਕੇ ਤੇਰਾ ਧੰਨਵਾਦ ਕਰਾਂਗਾ।

ਆਇਤ: 63 ਮੈਂ ਉਨ੍ਹਾਂ ਸਾਰਿਆਂ ਦਾ ਸਾਥੀ ਹਾਂ ਜਿਹੜੇ ਤੇਰਾ ਭੈ ਰੱਖਦੇ ਹਨ, ਅਤੇ ਤੇਰੇ ਫ਼ਰਾਮਾਨਾਂ ਦੀ ਪਾਲਨਾ ਕਰਦੇ ਹਨ।

ਆਇਤ: 67 ਮੇਰੇ ਦੁਖੀ ਹੋਣ ਤੋਂ ਪਹਿਲਾਂ ਮੈਂ ਭੁੱਲਿਆ ਫਿਰਦਾ ਸਾਂ, ਪਰ ਹੁਣ ਮੈਂ ਤੇਰੇ ਬਚਨ ਦੀ ਪਾਲਨਾ ਕਰਦਾ ਹਾਂ।

ਆਇਤ: 71-72 ਮੇਰੇ ਲਈ ਭਲਾ ਹੈ ਕਿ ਮੈਂ ਦੁਖੀ ਹੋਇਆ, ਤਾਂ ਜੋ ਮੈਂ ਤੇਰੀਆਂ ਬਿਧੀਆਂ ਨੂੰ ਸਿੱਖਾਂ। ਤੇਰੇ ਮੂੰਹ ਦੀ ਬਿਵਸਥਾ ਮੇਰੇ ਲਈ ਸੋਨੇ ਤੇ ਚਾਂਦੀ ਦੇ ਹਜ਼ਾਰਾਂ ਸਿੱਕਾਂ ਤੋਂ ਚੰਗੀ ਹੈ!।

ਆਇਤ: 74 ਜਿਹੜੇ ਤੇਰਾ ਭੈ ਮੰਨਦੇ ਹਨ ਓਹ ਮੈਨੂੰ ਵੇਖ ਕੇ ਅਨੰਦ ਹੋਣਗੇ, ਕਿਉਂਕਿ ਮੈਂ ਤੇਰੇ ਬਚਨ ਉੱਤੇ ਆਸਾ ਰੱਖੀ ਹੈ।

ਆਇਤ: 82 ਮੇਰੀਆਂ ਅੱਖਾਂ ਤੇਰੇ ਬਚਨ ਲਈ ਪੱਕ ਗਈਆਂ, ਮੈਂ ਆਖਦਾ ਹਾਂ, ਤੂੰ ਮੈਨੂੰ ਕਦ ਸ਼ਾਂਤੀ ਦੇਵੇਂਗਾ?

ਆਇਤ: 89 ਹੇ ਯਹੋਵਾਹ, ਸਦਾ ਤੀਕ ਤੇਰਾ ਬਚਨ ਅਕਾਸ਼ ਉੱਤੇ ਇਸਥਿਰ ਹੈ!

ਆਇਤ: 92 ਜੇ ਤੇਰੀ ਬਿਵਸਥਾ ਮੇਰੀ ਖ਼ੁਸ਼ੀ ਨਾ ਹੁੰਦੀ, ਤਾਂ ਮੈਂ ਆਪਣੇ ਦੁਖ ਵਿੱਚ ਨਾਸ ਹੋ ਜਾਂਦਾ।

ਆਇਤ: 93 ਤੇਰੇ ਫ਼ਰਮਾਨ ਮੈਂ ਕਦੇ ਨਾ ਭੁੱਲਾਂਗਾ, ਕਿਉਂਕਿ ਉਨ੍ਹਾਂ ਨਾਲ ਤੈਂ ਮੈਨੂੰ ਜੀਉਂਦਿਆਂ ਰੱਖਿਆ ਹੈ।

ਆਇਤ: 97 ਮੈਂ ਤੇਰੀ ਬਿਵਸਥਾ ਨਾਲ ਕਿੰਨੀ ਪ੍ਰੀਤ ਰੱਖਦਾ ਹਾਂ, ਦਿਨ ਭਰ ਮੈਂ ਉਹ ਦੇ ਵਿੱਚ ਲੀਨ ਰਹਿੰਦਾ ਹਾਂ!

ਆਇਤ: 98-104 ਤੂੰ ਆਪਣੇ ਹੁਕਮਨਾਮੇ ਤੋਂ ਮੈਨੂੰ ਮੇਰੇ ਵੈਰੀਆਂ ਤੋਂ ਬੁੱਧਵਾਨ ਬਣਾਉਂਦਾ ਹੈਂ, ਕਿਉਂ ਜੋ ਉਹ ਸਦਾ ਮੇਰੇ ਨਾਲ ਹੈ। ਮੈਂ ਆਪਣੇ ਸਾਰੇ ਗੁਰੂਆਂ ਨਾਲੋਂ ਵੱਧ ਗਿਆਨ ਰੱਖਦਾ ਹਾਂ, ਕਿਉਂ ਜੋ ਤੇਰੀਆਂ ਸਾਖੀਆਂ ਵਿੱਚ ਮੈਂ ਲੀਨ ਰਹਿੰਦਾ ਹਾਂ। ਬਜ਼ੁਰਗਾਂ ਨਾਲੋਂ ਮੈਂ ਬਹੁਤ ਜਾਚਦਾ ਹਾਂ, ਕਿਉਂ ਜੋ ਤੇਰੇ ਫ਼ਰਮਾਨਾਂ ਨੂੰ ਮੈਂ ਸਾਂਭਿਆ। ਮੈਂ ਆਪਣੇ ਪੈਰਾਂ ਨੂੰ ਹਰ ਬੁਰੇ ਮਾਰਗ ਤੋਂ ਰੋਕ ਰੱਖਿਆ ਹੈ, ਤਾਂ ਜੋ ਮੈਂ ਤੇਰੇ ਬਚਨ ਦੀ ਪਾਲਨਾ ਕਰਾਂ। ਤੇਰਿਆਂ ਨਿਆਵਾਂ ਤੋਂ ਮੈਂ ਨਹੀਂ ਹਟਿਆ, ਕਿਉਂ ਜੋ ਤੈਂ ਮੈਨੂੰ ਸਿੱਖਿਆ ਦਿੱਤੀ ਹੈ। ਤੇਰੇ ਬਚਨ ਮੇਰੇ ਤਾਲੂ ਨੂੰ ਕੇਡੇ ਮਿੱਠੇ ਲੱਗਦੇ ਹਨ, ਸ਼ਹਿਤ ਨਾਲੋਂ ਵੀ ਮੇਰੇ ਮੂੰਹ ਵਿੱਚ ਵੱਧ ਮਿੱਠੇ! ਤੇਰੇ ਫ਼ਰਮਾਨਾਂ ਨਾਲ ਮੈਨੂੰ ਸਮਝ ਮਿਲਦੀ ਹੈ, ਏਸ ਲਈ ਮੈਂ ਹਰ ਝੂਠੇ ਮਾਰਗ ਤੋਂ ਵੈਰ ਰੱਖਦਾ ਹਾਂ।

ਰੋਮੀਆਂ 10:17 ਸੋ **ਪਰਤੀਤ ਸੁਣਨ** ਨਾਲ, ਅਤੇ ਸੁਣਨਾ ਮਸੀਹ ਦੇ **ਬਚਨ** ਤੋਂ ਆਉਂਦਾ ਹੈ।

V. ਹੋਰ ਸਾਰੀਆਂ ਇੱਛਾਵਾਂ ਤੋਂ ਵਧ ਕੇ ਦਾਊਦ ਦਾ ਪਰਮੇਸ਼ੁਰ ਨਾਲ ਪ੍ਰੇਮ (ਜ਼ਬੂਰ 27:4) ਉਸ ਨੂੰ ਇਸ ਸਥਿੱਤੀ ਵਿੱਚ ਲੈ ਆਇਆ, ਜਿੱਥੇ ਉਹ ਆਪਣੇ ਮਕਸਦ ਨੂੰ ਪੂਰੀ ਤਰ੍ਹਾਂ ਪੂਰਾ ਕਰੇ ਅਤੇ ਇਸ ਨੂੰ ਹਾਸਲ ਕਰੇ – ਰਾਜਾ ਦੇ ਤੌਰ ਤੇ ਰਾਜ ਕਰਨ ਲਈ (1 ਸਮੂਏਲ 16:12-13)। ਅਸੀਂ ਵੀ *"ਧਰਤੀ ਉੱਤੇ ਰਾਜ"* ਕਰਨਾ ਹੈ (ਪਰਕਾਸ਼ ਦੀ ਪੋਥੀ 5:10)।

VI. ਪਰਮੇਸ਼ੁਰ ਨਾਲ ਦਾਊਦ ਦੀ ਨੇੜਤਾ ਨੇ ਉਸ ਵਿੱਚ ਵੱਡਾ ਵਿਸ਼ਵਾਸ ਪੈਦਾ ਕੀਤਾ ਜਿਸ ਨੂੰ ਅਸੀਂ ਪਰਮੇਸ਼ੁਰ ਦੇ ਦੁਸ਼ਮਣਾਂ ਦੇ ਵਿਰੁੱਧ ਉਸ ਦੇ ਧਰਮੀ ਗੁੱਸੇ ਅਤੇ ਅਸਧਾਰਣ ਹੌਸਲੇ ਦੇ ਰੂਪ ਵਿੱਚ ਦੇਖ ਸਕਦੇ ਹਾਂ। ਦਾਊਦ ਇੱਕ ਯੋਧਾ ਸੀ। ਕਿਉਂ?

ਜ਼ਬੂਰ 97:10 ਹੇ ਯਹੋਵਾਹ ਦੇ ਪ੍ਰੇਮਿਓ, ਬੁਰਿਆਈ ਤੋਂ ਘਿਣ ਕਰੋ! ਉਹ ਆਪਣੇ ਸੰਤਾਂ ਦੀਆਂ ਜਾਨਾਂ ਦੀ ਰੱਖਿਆ ਕਰਦਾ ਹੈ, ਉਹ ਉਨ੍ਹਾਂ ਨੂੰ ਦੁਸ਼ਟਾਂ ਦੇ ਹੱਥੋਂ ਛੁਡਾਉਂਦਾ ਹੈ।

1 ਸਮੂਏਲ 17:26 ਤਾਂ ਦਾਊਦ ਨੇ ਆਪਣੇ ਦੁਆਲੇ ਦੇ ਲੋਕਾਂ ਕੋਲੋਂ ਪੁੱਛਿਆ ਕਿ ਜਿਹੜਾ ਮਨੁੱਖ ਇਸ ਫਲਿਸਤੀ ਨੂੰ ਮਾਰੇ ਅਤੇ ਇਸ ਕਲੰਕ ਨੂੰ ਇਸਰਾਏਲ ਉੱਤੋਂ ਹਟਾਵੇ ਤਾਂ ਉਹ ਨੂੰ ਕੀ ਮਿਲੇਗਾ ਕਿਉਂ ਜੋ ਇਹ ਅਸੁੰਨਤੀ ਫਲਿਸਤੀ ਹੈ ਕੌਣ ਜੋ ਜੀਉਂਦੇ ਪਰਮੇਸ਼ੁਰ ਦੇ ਦਲਾਂ ਨੂੰ ਲੱਜਿਆਵਾਨ ਕਰੇ? NASU

1 ਸਮੂਏਲ 17:32 ਤਾਂ ਦਾਊਦ ਨੇ ਸ਼ਾਊਲ ਨੂੰ ਆਖਿਆ, ਉਸ ਮਨੁੱਖ ਕਰਕੇ ਕਿਸੇ ਦਾ ਮਨ ਨਾ ਘਾਬਰੇ। ਤੁਹਾਡਾ ਦਾਸ ਜਾਵੇਗਾ ਅਤੇ ਉਸ ਫਲਿਸਤੀ ਨਾਲ ਲੜੇਗਾ। NASU

1 ਸਮੂਏਲ 17:37 ਫੇਰ ਦਾਊਦ ਨੇ ਇਹ ਵੀ ਆਖਿਆ, ਜਿਸ ਯਹੋਵਾਹ ਨੇ ਮੈਨੂੰ ਸ਼ੇਰ ਦੇ ਪੰਜੇ ਅਤੇ ਰਿੱਛ ਦੇ ਪੰਜੇ ਤੋਂ ਛੁਡਾਇਆ ਹੈ ਉਹੋ ਹੀ ਮੈਨੂੰ ਉਸ ਫਲਿਸਤੀ ਦੇ ਹੱਥੋਂ ਛੁਡਾਵੇਗਾ।ਤਦ ਸ਼ਾਊਲ ਨੇ ਦਾਊਦ ਨੂੰ ਆਖਿਆ, ਜਾਹ ਫੇਰ ਯਹੋਵਾਹ ਤੇਰੇ ਨਾਲ ਹੋਵੇ। NASU

ਦਾਊਦ ਨੇ ਬਹੁਤ ਸਾਰੀਆਂ ਨਿੱਜੀ ਅਤੇ ਵਿਅਕਤੀਗਤ ਲੜਾਈਆਂ ਲੜੀਆਂ ਅਤੇ ਜਿੱਤੀਆਂ, ਜਿਸ ਦੇ ਨਾਲ ਉਸ ਦੇ ਚਰਿੱਤਰ ਦੀ ਸ਼ਕਤੀ ਅਤੇ ਖਰਾਈ ਦਾ ਵਿਕਾਸ ਹੋਇਆ।

- ਖਰਾਈ – ਧਰਮੀ ਅਚਾਰ ਵਿਹਾਰ ਅਤੇ ਨੈਤਿਕਤਾ ਦਾ ਦ੍ਰਿੜਤਾ ਨਾਲ ਪਾਲਣ ਕਰਨਾ।

ਇਹ ਲੜਾਈਆਂ ਜਿੱਤਣ ਦੁਆਰਾ ਉਹ ਜਨਤਕ ਜਿੱਤਾਂ ਲਈ ਤਿਆਰ ਹੋ ਗਿਆ।

1 ਸਮੂਏਲ 17:45-46 ਪਰ ਦਾਊਦ ਨੇ ਫਲਿਸਤੀ ਨੂੰ ਆਖਿਆ, ਤੂੰ ਤਲਵਾਰ ਅਤੇ ਬਰਛਾ ਅਤੇ ਢਾਲ ਲੈ ਕੇ ਮੇਰੇ ਕੋਲ ਆਉਂਦਾ ਹੈਂ ਪਰ ਮੈਂ ਸੈਨਾ ਦੇ ਯਹੋਵਾਹ ਦੇ ਨਾਲ ਉੱਤੇ ਇਸਰਾਏਲ ਦੇ ਦਲਾਂ ਦਾ ਪਰਮੇਸ਼ੁਰ ਹੈ ਜਿਸ ਨੂੰ ਤੈਂ ਲੱਜਿਆਵਾਨ ਕੀਤਾ ਤੇਰੇ ਕੋਲ ਆਉਂਦਾ ਹਾਂ! 46 ਅਤੇ ਅੱਜ ਹੀ ਯਹੋਵਾਹ ਮੇਰੇ ਹੱਥ ਵਿੱਚ ਤੈਨੂੰ ਕਰ ਦੇਵੇਗਾ

ਅਤੇ ਮੈਂ ਤੈਨੂੰ ਮਾਰ ਸੁੱਟਾਂਗਾ . . . . NASU

ਜਨਤਕ ਲੜਾਈਆਂ ਪਹਿਲਾਂ ਦੀ ਛਿਪੀ ਹੋਈ ਕਮਜ਼ੋਰੀ ਜਾਂ ਤਾਕਤ ਨੂੰ ਪਰਗਟ ਕਰ ਦਿੰਦੀਆਂ ਹਨ।

- ਉਦਾਹਰਣ: ਯੂਸੁਫ਼ (ਉਤਪਤ 37) – ਉਸਦੇ ਪਿਤਾ ਵੱਲੋਂ ਉਸ ਉੱਤੇ ਕਿਰਪਾ ਅਤੇ ਦੋ ਸੁਫਨਿਆਂ ਦੇ ਨਾਲ ਅਪਰਿਪੱਕਤਾ ਅਤੇ ਸ਼ਾਇਦ ਘਮੰਡ ਦਾ ਨਤੀਜਾ ਇਹ ਹੋਇਆ ਕਿ ਉਸ ਦੇ ਭਰਾ ਉਸ ਨਾਲ ਨਫਰਤ ਕਰਨ ਲੱਗੇ ਅਤੇ ਉਸ ਨੂੰ ਮਾਰ ਦੇਣ ਦੀ ਯੋਜਨਾ ਬਣਾਈ।

ਰਾਜਾ ਸ਼ਾਊਲ ਦੀਆਂ ਜਿੱਤਾਂ ਨੇ ਮਨੁੱਖਾਂ ਦੇ ਵੱਲੋਂ ਕਿਰਪਾ ਪਾਉਣ ਅਤੇ ਆਪਣੇ ਆਪ ਨੂੰ ਮਹਿਮਾ ਦੇਣ ਦੀ ਉਸ ਦੀ ਇੱਛਾ ਦੀ ਕਮਜ਼ੋਰੀ ਨੂੰ ਪਰਗਟ ਕੀਤਾ, ਜਿਸ ਦਾ ਨਤੀਜਾ ਪਰਮੇਸ਼ੁਰ ਦੀ ਅਣ-ਆਗਿਆਕਾਰੀ ਕਰਨਾ ਹੁੰਦਾ ਹੈ (1 ਸਮੂਏਲ 15)।

ਸਾਨੂੰ ਘਮੰਡ (ਯਾਕੂਬ 4:6) ਅਰਥਾਤ "ਗਰਜਦੇ ਹੋਏ ਸ਼ੇਰ" (ਸ਼ੈਤਾਨ, 1 ਪਤਰਸ 5:8) ਦੇ ਵਿਰੁੱਧ ਅਤੇ ਕਾਮਨਾ ਦੇ "ਰਿੱਛ" ਦੀ ਵੱਡੀ ਭੁੱਖ ਦੇ ਵਿਰੁਧ ਵਿਅਕਤੀਗਤ ਲੜਾਈ ਜਿੱਤਣੀ ਦੀ ਲੋੜ ਹੈ।

- ਯੂਸੁਫ਼ (ਉਤਪਤ 39:6-25)

ਦਾਊਦ ਅਤੇ ਯੂਸੁਫ਼ ਨੂੰ ਉਨ੍ਹਾਂ ਦੇ ਸਿੰਘਾਸਣ ਦੀਆਂ ਜਿੰਮੇਵਾਰੀਆਂ ਲਈ ਤਿਆਰ ਕਰਨ ਵਾਸਤੇ ਕਈ ਸਾਲ ਤੱਕ ਪਰਤਾਵਿਆਂ ਦਾ ਸਾਹਮਣਾ ਕਰਨਾ ਪਿਆ।

ਅਸੀਂ ਵੀ ਆਪਣੀ ਤਿਆਰੀ ਲਈ ਇਸੇ ਤਰ੍ਹਾਂ ਦੇ ਪਰਤਾਵਿਆਂ ਅਤੇ ਪਰੀਖਿਆਵਾਂ ਦਾ ਸਾਹਮਣਾ ਕਰਦੇ ਹਾਂ, ਕਿਉਂਕਿ ਸਾਡੀ ਮੰਜ਼ਿਲ ਵੀ ਸ਼ਾਸ਼ਨ ਅਤੇ ਰਾਜ ਕਰਨਾ ਹੈ।

ਪਰਕਾਸ਼ ਦੀ ਪੋਥੀ 5:10 ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ ਪਾਤਸ਼ਾਹੀ ਅਤੇ ਜਾਜਕ ਬਣਾਇਆ, ਅਤੇ ਓਹ ਧਰਤੀ ਉੱਤੇ ਰਾਜ ਕਰਨਗੇ।

ਜਿੰਨੇ ਜਿਆਦਾ ਪਰਤਾਵਿਆਂ ਵਿੱਚ ਤੁਸੀਂ ਸਫਲ ਹੁੰਦੇ ਹੋ - ਓਨਾਂ ਜਿਆਦਾ ਤੁਹਾਡੀ ਖਰਾਈ ਵੱਧਦੀ ਹੈ - ਓਨਾਂ ਹੀ ਜਿਆਦਾ ਪਰਮੇਸ਼ੁਰ ਤੁਹਾਡੇ ਉੱਤੇ ਵੱਡੀਆਂ ਜਿੰਮੇਵਾਰੀਆਂ ਲਈ ਭਰੋਸਾ ਕਰ ਸਕਦਾ ਹੈ।

ਯਾਕੂਬ 1:2-4; 12-15 // 2 ਤਿਮੋਥਿਉਸ 2:20-22// 2 ਪਤਰਸ 1:1-11/ ਰੋਮੀਆਂ 5:3-4

ਜੇਕਰ ਤੁਹਾਨੂੰ ਪਰਮੇਸ਼ੁਰ ਨਾਲ ਦ੍ਰਿੜ ਪ੍ਰੇਮ ਨਹੀਂ ਹੈ – ਜੋ ਉਸ ਦੇ ਵਚਨ ਪ੍ਰਤਿ ਪ੍ਰੇਮ ਲਈ ਪ੍ਰੇਰਣਾ ਦਿੰਦਾ ਹੈ – ਤਾਂ ਤੁਸੀਂ ਪਰਤਾਵਿਆਂ ਵਿੱਚ ਖੜ੍ਹੇ ਨਹੀਂ ਰਹੋਗੇ – ਤੁਸੀਂ ਪਰਤਾਵਿਆਂ ਵਿੱਚ ਸਫਲ ਨਹੀਂ ਹੋਵੋਗੇ – ਪਰਤਾਵੇ ਦੇ ਦਿਨ। (ਲੂਕਾ 4:4, 8, 12)।

ਦਾਊਦ ਦਾ ਜੀਵਨ ਸਬਕਾਂ ਨਾਲ ਭਰਿਆ ਪਿਆ ਹੈ ਜਿਨ੍ਹਾਂ ਦਾ ਅਸੀਂ ਸਭ ਸਾਹਮਣਾ ਕਰਦੇ ਹਾਂ ਜਦੋਂ ਅਸੀਂ ਉਸ ਰਾਹ ਉੱਤੇ ਚੱਲਦੇ ਹਾਂ, ਜੋ ਸਾਨੂੰ ਸਾਡੀ ਮੰਜ਼ਿਲ ਲਈ ਤਿਆਰ ਕਰਦਾ ਹੈ।

## VII. ਰੱਦ ਕੀਤੇ ਜਾਣ ਦੇ ਸਬਕਾਂ ਤੋਂ ਸਿੱਖਣਾ

1. ਆਪਣੇ ਭਰਾਵਾਂ ਦੇ ਦੁਆਰਾ ਰੱਦ ਕੀਤਾ ਗਿਆ (1 ਸਮੂਏਲ 17:22-30)
    - ਆਇਤ 26 ਇਸ ਦੇ ਬਾਰੇ ਕਿ "ਕੀ ਕੀਤਾ ਜਾਵੇ . . . " ਅਤੇ ਆਇਤ 30 ਦੇ ਵਿੱਚ ਇਹ ਪ੍ਰਸ਼ਨ ਕਿਉਂ?
    - ਆਇਤ 28 ਕਿਸ ਗੱਲ ਨੇ ਅਲੀਆਬ ਦੇ ਜਵਾਬ ਨੂੰ ਪ੍ਰੇਰਿਤ ਕੀਤਾ?

      (ਸ਼ਰਮਿੰਦਗੀ / ਡਰ / ਈਰਖਾ / ਗੁੱਸਾ)
    - ਕੀ ਤੁਹਾਨੂੰ ਤੁਹਾਡੇ ਭੂਤਕਾਲ ਜਾਂ ਵਰਤਮਾਨ ਵਿੱਚੋਂ ਕੁਝ ਅਜਿਹਾ ਯਾਦ ਆਉਂਦਾ ਹੈ?
    - ਤੁਸੀਂ ਕਿਹੜੇ ਭਰਾ ਸੀ ਜਾਂ ਹੋ, ਵੱਡੇ ਜਾਂ ਛੋਟੇ?
    - ਆਇਤ 29 ਦਾਊਦ ਦਾ ਬਚਾਓ। ਕੀ ਉਹ ਨਿਰਦੋਸ਼ ਸੀ?
    - ਆਇਤ 30 ਰੱਦ ਕੀਤੇ ਜਾਣ ਦਾ ਨਤੀਜਾ -> ਟੁੱਟੇ ਹੋਏ ਸੰਬੰਧ

ਯਾਕੂਬ 3:16 ਕਿਉਂਕਿ ਜਿੱਥੇ ਈਰਖਾ ਅਤੇ ਧੜੇਬਾਜ਼ੀ ਹੁੰਦੀ ਹੈ ਉੱਥੇ ਘਮਸਾਣ ਅਤੇ ਹਰ ਭਾਂਤ ਦਾ ਮੰਦਾ ਕੰਮ ਹੁੰਦਾ ਹੈ।

2. ਗੋਲੀਅਥ ਨੂੰ ਮਾਰਨ ਤੋਂ ਬਾਅਦ, ਰਾਜਾ ਸ਼ਾਊਲ ਦਾਊਦ ਨੂੰ ਰਾਜ ਮਹਿਲ ਵਿੱਚ ਲੈ ਗਿਆ ਅਤੇ ਉਸ ਨੂੰ ਇਸਰਾਏਲ ਦੀ ਫੌਜ ਦਾ ਆਗੂ ਨਿਯੁਕਤ ਕੀਤਾ। ਜਿਵੇਂ-ਜਿਵੇਂ ਦਾਊਦ ਦੀ ਪ੍ਰਸਿੱਧੀ ਵਧੀ, ਓਵੇਂ-ਓਵੇਂ ਸ਼ਾਊਲ ਦੀ ਈਰਖਾ ਵਧਦੀ ਗਈ ਅਤੇ ਦਾਊਦ ਨੂੰ ਇੱਕ ਦਹਾਕੇ ਤੋਂ ਜਿਆਦਾ ਸਮੇਂ ਤੱਕ ਸ਼ਾਊਲ ਦੇ ਅਸਵੀਕਾਰਤਾ ਦੇ ਨੇਜਿਆਂ ਤੋਂ ਬਚਣਾ ਪਿਆ (1 ਸਮੂਏਲ 18 ਅਧਿਆਏ ਤੋਂ ਅੱਗੇ)।

- ਆਇਤ 8 *"ਬਹੁਤ ਗੁੱਸੇ ਵਿੱਚ"* ਸ਼ਬਦ ਦਾ ਅਰਥ: ਗੁੱਸੇ ਜਾਂ ਈਰਖਾ ਨਾਲ ਜਲਣਾ

- ਆਇਤ 9 "ਈਰਖਾ ਦੇ ਨਾਲ ਤੱਕਿਆ"

- ਆਇਤ 10 "*ਪਰਮੇਸ਼ੁਰ ਦੇ ਵੱਲੋਂ ਇੱਕ ਬੁਰਾ ਆਤਮਾ*"? ਸ਼ਾਊਲ ਪਰਮੇਸ਼ੁਰ ਦਾ ਸੀ ਪਰ ਉਸ ਦੇ ਈਰਖਾ ਦੇ ਪਾਪ ਨੇ ਸ਼ੈਤਾਨ ਨੂੰ ਉਸ ਉੱਤੇ ਅਧਿਕਾਰ ਦਿੱਤਾ ਅਤੇ ਪਰਮੇਸ਼ੁਰ ਨੇ ਇਸ ਤਰ੍ਹਾਂ ਹੋਣ ਦਿੱਤਾ।

ਯਾਕੂਬ 3:16 ਕਿਉਂਕਿ ਜਿੱਥੇ ਈਰਖਾ ਅਤੇ ਧੜੇਬਾਜ਼ੀ ਹੁੰਦੀ ਹੈ ਉੱਥੇ ਘਮਸਾਣ ਅਤੇ ਹਰ ਭਾਂਤ ਦਾ ਮੰਦਾ ਕੰਮ ਹੁੰਦਾ ਹੈ।

- ਈਰਖਾ ਦੇ ਮੂਲ ਕਾਰਨ ਕੀ ਹਨ?
  - ਸੁਆਰਥੀ ਇੱਛਾਵਾਂ / ਆਪਣੇ ਆਪ ਨੂੰ ਹੀਣ ਸਮਝਣਾ / ਅਪਰਿਪੱਕਤਾ / ਆਪਣੀ ਪਦਵੀ ਨੂੰ ਗੁਆਉਣ ਦਾ ਡਰ (1 ਸਮੂਏਲ 18:12)

- ਈਰਖਾ ਕਿੱਥੇ ਹੁੰਦੀ ਹੈ?
  - ਕੰਮ / ਉਨ੍ਹਾਂ ਲਈ ਜੋ ਜਿਆਦਾ ਖੁਸ਼ਹਾਲ ਹਨ / ਸੇਵਕਾਈ

ਮਰਕੁਸ 15:10 ਕਿਉਂ ਜੋ ਉਹ ਨੇ ਮਲੂਮ ਕੀਤਾ ਸੀ ਭਈ ਪਰਧਾਨ ਜਾਜਕਾਂ ਨੇ ਖਾਰ ਦੇ ਮਾਰੇ ਉਹ (ਯਿਸੂ) ਨੂੰ ਹਵਾਲੇ ਕੀਤਾ ਹੈ।

- 18:11 ਈਰਖਾ ਦਾ ਨਤੀਜਾ ਕਿਸੇ ਨਾ ਕਿਸੇ ਤਰ੍ਹਾਂ ਦਾ "ਨੇਜਾ ਮਾਰਨ" ਦੇ ਰੂਪ ਵਿੱਚ ਨਿੱਕਲਦਾ ਹੈ।
  - ਨਿਰਾਦਰ / ਨੀਵਾਂ ਦਿਖਾਉਣਾ / ਮਾਰਨਾ / ……ਸਲੀਬ ਉੱਤੇ ਚੜਾਉਣਾ

  - ਤੁਸੀਂ ਤੁਹਾਡਾ ਆਖਰੀ ਨੇਜਾ ਕਦੋਂ ਮਾਰਿਆ?

- 18:13 "ਏਸ ਲਈ ਸ਼ਾਊਲ ਨੇ ਉਹ ਨੂੰ ਆਪਣੇ ਕੋਲੋਂ ਵੱਖਰਾ ਕੀਤਾ"
    - ਜਦੋਂ ਸਾਡੇ ਉੱਤੇ "ਅਸਵੀਕਾਰਤਾ" ਦਾ ਇੱਕ ਆਤਮਾ ਆਉਂਦਾ ਹੈ:
        1. ਅਸੀਂ ਦੂਸਰੇ ਵਿਅਕਤੀ ਨੂੰ ਨੀਵਾਂ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ, ਉਨ੍ਹਾਂ ਦੀ ਤਰੱਕੀ ਨੂੰ ਰੋਕਦੇ ਹਾਂ
        2. ਅਸੀਂ ਦੂਸਰਿਆਂ ਨੂੰ ਪਰੇ ਧੱਕਦੇ ਹਾਂ: ਸਰੀਰਕ ਭਾਵਾਂ ਦੇ ਨਲ // ਅਣਦੇਖਾ ਕਰਕੇ // ਅਤੇ/ਜਾਂ ਸਰੀਰਕ ਤੌਰ ਤੇ ਅਤੇ ਸ਼ਬਦਾਂ ਰਾਹੀਂ।

3. ਸ਼ਾਊਲ ਦੁਆਰਾ ਰੱਦ ਕੀਤੇ ਜਾਣ ਨੇ ਦਾਊਦ ਨੂੰ ਸਿੰਘਾਸਣ (ਉਸ ਦੀ ਮੰਜ਼ਿਲ) ਤੋਂ ਦੂਰ ਕੀਤਾ ਅਤੇ ਉਸ ਦੇ ਜੀਵਨ ਵਿੱਚ ਪਰਮੇਸ਼ੁਰ ਦੇ ਵਚਨ ਉੱਤੇ ਵਿਸ਼ਵਾਸ ਕਰਨ ਦੀ ਯੋਗਤਾ ਨੂੰ ਪਰਖਿਆ।

ਯਾਕੂਬ 1:2-4 ਹੇ ਮੇਰੇ ਭਰਾਵੋ, ਜਾਂ ਤੁਸੀਂ ਭਾਂਤ ਭਾਂਤ ਦੇ ਪਰਤਾਵਿਆਂ ਵਿੱਚ ਪਵੋ ਤਾਂ ਇਹ ਨੂੰ ਪੂਰਨ ਅਨੰਦ ਦੀ ਗੱਲ ਜਾਣੋ। (3) ਕਿਉਂ ਜੋ ਤੁਸੀਂ ਜਾਣਦੋ ਹੋ ਭਈ ਤੁਹਾਡੀ ਨਿਹਚਾ ਦੀ ਪਰੀਖਿਆ ਧੀਰਜ ਬਣਾਉਂਦੀ ਹੈ। (4) ਅਤੇ ਧੀਰਜ ਦੇ ਕੰਮ ਨੂੰ ਪੂਰਿਆਂ ਹੋ ਲੈਣ ਦਿਓ ਭਈ ਤੁਸੀਂ ਸਿੱਧ ਅਤੇ ਸੰਪੂਰਨ ਹੋਵੋ ਅਤੇ ਤੁਹਾਨੂੰ ਕਿਸੇ ਗੱਲ ਦਾ ਘਾਟਾ ਨਾ ਹੋਵੇ।

4. ਦਾਊਦ ਨੇ ਬਦਲੇ ਵਿੱਚ ਨੇਜਾ ਮਾਰਨ ਤੋਂ ਇਨਕਾਰ ਕੀਤਾ – ਸਾਨੂੰ ਵੀ ਇਨਕਾਰ ਕਰਨਾ ਚਾਹੀਦਾ ਹੈ।

- 1 ਸਮੂਏਲ 24:10 ਵੇਖ, ਅੱਜ ਤੂੰ ਆਪਣੀਆਂ ਅੱਖੀਆਂ ਨਾਲ ਡਿੱਠਾ ਜੋ ਯਹੋਵਾਹ ਨੇ ਅੱਜ ਹੀ ਕਿੱਕੁਰ ਤੈਨੂੰ ਖੁੰਧਰ ਦੇ ਅੰਦਰ ਮੇਰੇ ਵੱਸ ਵਿੱਚ ਕਰ ਦਿੱਤਾ ਸੀ ਅਤੇ ਕਈਆਂ ਨੇ ਮੈਨੂੰ ਆਖਿਆ ਵੀ, ਉਹ ਨੂੰ ਮਾਰ ਲੈ, ਪਰ ਮੇਰੀਆਂ ਅੱਖੀਆਂ ਨੇ ਤੇਰੇ ਉੱਤੇ ਤਰਸ ਖਾਧਾ ਅਤੇ ਮੈਂ ਆਖਿਆ ਕਿ ਮੈਂ ਆਪਣੇ ਸੁਆਮੀ ਉੱਤੇ ਹੱਥ ਨਾ ਚਲਾਵਾਂਗਾ ਕਿਉਂ ਜੋ ਉਹ ਯਹੋਵਾਹ ਦਾ ਮਸਹ ਕੀਤਾ ਹੋਇਆ ਹੈ।

- ਮੱਤੀ 5:39 ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਦੁਸ਼ਟ ਦਾ ਸਾਹਮਣਾ ਨਾ ਕਰਨਾ ਸਗੋਂ ਜੋ ਕੋਈ ਤੇਰੀ ਸੱਜੀ ਗੱਲ੍ਹ ਉੱਤੇ ਚਪੇੜ ਮਾਰੇ ਤਾਂ ਦੂਈ ਵੀ ਉਹ ਦੀ ਵੱਲ ਭੁਆ ਦਿਹ।
    - ਦੁੱਖ ਪਹੁੰਚਾਉਣ ਵਾਲਾ ਸ਼ਬਦ ਥੱਪੜ ਜਾਂ ਉਸ ਤੋਂ ਵੀ ਜਿਆਦਾ ਦੁੱਖ ਦਿੰਦਾ ਹੈ

- ਯਾਕੂਬ 4:11 ਹੇ ਭਰਾਵੋ, **ਇੱਕ ਦੂਏ ਦੇ ਵਿਰੁੱਧ ਨਾ ਬੋਲੋ**। ਜੋ ਕੋਈ ਭਰਾ ਦੇ ਵਿਰੁੱਧ ਬੋਲਦਾ ਹੈ ਅਥਵਾ ਆਪਣੇ ਭਰਾ ਉੱਤੇ ਦੋਸ਼ ਲਾਉਂਦਾ ਹੈ ਸੋ ਸ਼ਰਾ ਦੇ ਵਿਰੁੱਧ ਬੋਲਦਾ ਹੈ ਅਤੇ ਸ਼ਰਾ ਉੱਤੇ ਦੋਸ਼ ਲਾਉਂਦਾ ਹੈ।

ਪਰ ਜੇ ਤੂੰ ਸ਼ਰਾ ਉੱਤੇ ਦੋਸ਼ ਲਾਉਂਦਾ ਹੈ ਤਾਂ ਤੂੰ ਸ਼ਰਾ ਉੱਤੇ ਅਮਲ ਕਰਨ ਵਾਲਾ ਨਹੀਂ ਸਗੋਂ ਦੋਸ਼ ਲਾਉਣ ਵਾਲਾ ਹੋਇਆ।

- ਅਸੀਂ ਕਿੰਨਾ ਜਿਆਦਾ ਇਹ ਕੰਮ ਕਰਦੇ ਹਾਂ – ਦੂਸਰਿਆਂ ਦੇ ਵਿਰੁਧ ਬੋਲਣਾ?

- 1 ਪਤਰਸ 2:21-24 ਕਿਉਂ ਜੋ ਤੁਸੀਂ ਇਸੇ ਕਾਰਨ ਸੱਦੇ ਗਏ ਇਸ ਲਈ ਜੋ ਮਸੀਹ ਵੀ ਤੁਹਾਡੇ ਨਮਿੱਤ ਦੁੱਖ ਝੱਲ ਕੇ ਇੱਕ ਨਮੂਨਾ ਤੁਹਾਡੇ ਲਈ ਛੱਡ ਗਿਆ ਭਈ ਤੁਸੀਂ ਉਹ ਦੀ ਪੈੜ ਉੱਤੇ ਤੁਰੋ। (22) ਉਹ ਨੇ ਕੋਈ ਪਾਪ ਨਹੀਂ ਕੀਤਾ, ਨਾ ਉਹ ਦੇ ਮੂੰਹ ਵਿੱਚੋਂ ਵਲ ਛਲ ਦੀ ਗੱਲ ਨਿੱਕਲੀ। (23) ਉਹ ਗਾਲੀਆਂ ਖਾ ਕੇ ਗਾਲੀ ਨਾ ਦਿੰਦਾ ਸੀ ਅਤੇ ਦੁੱਖ ਪਾ ਕੇ ਦਬਕਾ ਨਾ ਦਿੰਦਾ ਸੀ ਸਗੋਂ ਆਪਣੇ ਆਪ ਨੂੰ ਉਹ ਦੇ ਹੱਥ ਸੌਂਪਦਾ ਸੀ ਜਿਹੜਾ ਜਥਾਰਥ ਨਿਆਉਂ ਕਰਦਾ ਹੈ। (24) ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿੱਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। ਓਸੇ ਦੇ ਮਾਰ ਖਾਣ ਤੋਂ ਤੁਸੀਂ ਨਰੋਏ ਕੀਤੇ ਗਏ। NLT

- ਯਾਕੂਬ 3:6 ਜੀਭ ਵੀ ਇੱਕ ਅੱਗ ਹੈ! ਸਾਡਿਆਂ ਅੰਗਾਂ ਵਿੱਚ ਕੁਧਰਮ ਦੀ ਦੁਨੀਆ ਜੀਭ ਹੈ ਜਿਹੜੀ ਸਾਰੀ ਦੇਹੀ ਨੂੰ ਦਾਗ ਲਾਉਂਦੀ ਅਤੇ ਭਵਚੱਕਰ ਨੂੰ ਅੱਗ ਲਾ ਦਿੰਦੀ ਹੈ ਅਤੇ ਆਪ ਨਰਕ ਦੀ ਅੱਗ ਤੋਂ ਬਲ ਉੱਠਦੀ ਹੈ!

- ਯਾਕੂਬ 3:8 ਪਰ ਜੀਭ ਨੂੰ ਕੋਈ ਮਨੁੱਖ ਵੱਸ ਵਿੱਚ ਨਹੀਂ ਕਰ ਸੱਕਦਾ। ਉਹ ਇੱਕ ਚੰਚਲ ਬਲਾ ਹੈ, ਉਹ ਨਾਸ ਕਰਨ ਵਾਲੀ ਵਿੱਸ ਨਾਲ ਭਰੀ ਹੋਈ ਹੈ।

5. ਇਹਨਾਂ ਸਾਰੇ ਨੇਜਿਆਂ ਦੇ ਬਾਵਜੂਦ, ਦਾਊਦ ਨੇ ਕਦੇ ਵੀ "ਆਪਣੇ ਆਪ ਨੂੰ ਹੀਣ ਸਮਝਣ" ਵਾਲਾ ਜਾਂ ਰੋਣ ਪਿੱਟਣ ਵਾਲਾ ਰਵੱਈਆ ਨਹੀਂ ਦਿਖਾਇਆ ਜਿਸ ਦਾ ਨਤੀਜਾ 'ਅਸਵੀਕਾਰਤਾ' ਦੀ ਆਤਮਾ ਦੇ ਵੱਸ ਹੋਣਾ ਹੋ ਸਕਦਾ ਸੀ।

- ਰੋਮੀਆਂ 12:14 ਆਪਣੇ ਦੁਖਦਾਈਆਂ ਨੂੰ ਅਸੀਸ ਦਿਓ, ਅਸੀਸ ਦਿਓ, ਫਿਟਕਾਰੋ ਨਾ!

- ਰੋਮੀਆਂ 12:17 ਬੁਰਿਆਈ ਦੇ ਵੱਟੇ ਕਿਸੇ ਨਾਲ ਬੁਰਿਆਈ ਨਾ ਕਰੋ। ਜਿਹੜੀਆਂ ਗੱਲਾਂ ਸਾਰੇ ਮਨੁੱਖਾਂ ਦੇ ਭਾਣੇ ਚੰਗੀਆਂ ਹਨ ਓਹਨਾਂ ਦਾ ਧਿਆਨ ਰੱਖੋ।

- ਲੂਕਾ 6:27-29 ਪਰ ਮੈਂ ਤੁਹਾਨੂੰ ਜੋ ਸੁਣਦੇ ਹੋ ਆਖਦਾ ਹਾਂ ਭਈ ਆਪਣੇ ਦੁਸ਼ਮਣਾਂ ਨਾਲ ਪਿਆਰ ਕਰੋ। ਜੋ ਤੁਹਾਡੇ ਨਾਲ ਵੈਰ ਰੱਖਣ ਉਨ੍ਹਾਂ ਦਾ ਭਲਾ ਕਰੋ। ਜੋ ਤੁਹਾਨੂੰ ਸਰਾਪ ਦੇਣ ਉਨ੍ਹਾਂ ਨੂੰ ਅਸੀਸ ਦਿਓ। ਜੋ ਤੁਹਾਡੀ

ਪਤ ਲਾਹੁਣ ਉਨ੍ਹਾਂ ਦੇ ਲਈ ਪ੍ਰਾਰਥਨਾ ਕਰੋ। ਜੋ ਤੇਰੀ ਇੱਕ ਗੱਲ੍ਹ ਉੱਤੇ ਚਪੇੜ ਮਾਰੇ ਤੂੰ ਦੂਈ ਵੀ ਉਹ ਦੀ ਵੱਲ ਕਰ ਦਿਹ ਅਰ ਜੋ ਤੇਰੀ ਚਾਦਰ ਖੋਹ ਲਵੇ ਉਹ ਨੂੰ ਕੁੜਤਾ ਵੀ ਲੈਣੋਂ ਮਨਾ ਨਾ ਕਰ।

6. ਅਸਵੀਕਾਰਤਾ ਦੂਸਰਿਆਂ ਨੂੰ ਜੋ ਰੱਦ ਕੀਤੇ ਗਏ ਹਨ, ਬਾਹਰ ਧੱਕੇ ਗਏ ਹਨ, ਆਪਣੇ ਵੱਲ ਖਿੱਚਦੀ ਹੈ। ਇਸ ਤਰ੍ਹਾਂ 'ਅਸੀਂ ਅਤੇ ਉਨ੍ਹਾਂ' ਵਿੱਚ ਤੁਲਨਾ ਕਰਨ ਵਾਲੀ / ਮੁਕਾਬਲੇ ਵਾਲੀ ਮਨੋਵਿਰਤੀ ਬਣ ਜਾਂਦੀ ਹੈ।

- 1 ਸਮੂਏਲ 22:1-2 ਤਾਂ ਦਾਊਦ ਉੱਥੋਂ ਨਿੱਕਲ ਕੇ ਅਦੁੱਲਾਮ ਦੀ ਖੁੰਧਰ ਵਿੱਚ ਭੱਜ ਆਇਆ ਅਤੇ **ਉਹ ਦੇ ਭਰਾ** ਅਤੇ ਉਹ ਦੇ ਪਿਉ ਦਾ ਸਾਰਾ ਟੱਬਰ ਇਹ ਸੁਣ ਕੇ ਉਹ ਦੇ ਕੋਲ ਉੱਥੇ ਆ ਗਏ। ਅਤੇ ਸਭ **ਦੁਖੀਏ** ਅਤੇ **ਕਰਜਾਈ** ਅਤੇ ਸਭ ਜੋ **ਦਿਲ ਜਲੇ** ਸਨ ਉਹ ਦੇ ਕੋਲ ਆ ਰਲੇ ਅਰ ਉਹ ਉਨ੍ਹਾਂ ਦਾ ਸਰਦਾਰ ਬਣਿਆ ਅਰ ਚਾਰਕੁ ਸੌ ਮਨੁੱਖ ਉਹ ਦੇ ਨਾਲ ਹੋ ਗਏ।
    - ਉਸ ਦੇ ਭਰਾ ਕਿਉਂ? ਕੀ ਉਨ੍ਹਾਂ ਨੇ ਆਪਣਾ ਰਵੱਈਆ ਬਦਲਿਆ?
    - ਬਿਪਤਾ – ਕਠਿਨ ਸਥਾਨ // ਅਸੁੰਤੁਸ਼ਟ – ਗੁੱਸਾ, ਮਨ ਦੀ ਕੜਵਾਹਟ
    - ਬਾਅਦ ਵਿਚ ਅਸੁੰਤੁਸ਼ਟਾਂ ਦੀ ਸੈਨਾਂ ਵਧ ਕੇ ਛੇ ਸੌ ਹੋ ਗਈ (23:13)

7. ਭਾਵੇਂ ਕਿ ਦਾਊਦ ਨੂੰ ਬਾਰ-ਬਾਰ ਰੱਦ ਕੀਤਾ ਗਿਆ, ਉਸ ਦਾ ਪਿੱਛਾ ਕੀਤਾ ਗਿਆ ਅਤੇ ਉਸ ਉੱਤੇ ਹਮਲਾ ਕੀਤਾ ਗਿਆ, ਪਰ ਉਸ ਨੇ ਕਦੇ ਵੀ ਬਦਲਾ ਲੈਣ ਜਾਂ ਅਸਵੀਕਾਰ ਕੀਤੇ ਜਾਣ ਦੇ ਬਦਲੇ ਅਸਵੀਕਾਰ ਕਰਨ ਲਈ ਆਪਣੇ ਉੱਤੇ "ਅਸਵੀਕਾਰਤਾ ਦੇ ਆਤਮਾ" ਦਾ ਵੱਸ ਨਹੀਂ ਹੋਣ ਦਿੱਤਾ।

8. 1 ਸਮੂਏਲ 24:3-4 ਤਦ ਉਹ ਭੇਡਾਂ ਦੇ ਵਾੜਿਆਂ ਨੂੰ ਅੱਪੜ ਪਿਆ ਜੋ ਪਹੇ ਦੇ ਕੋਲ ਸਨ। ਉੱਥੇ ਇੱਕ ਖੁੰਧਰ ਸੀ ਸੋ ਸ਼ਾਊਲ ਸੁਚੇਤੇ ਫਿਰਨ ਲਈ ਉਸ ਖੁੰਧਰ ਵਿੱਚ ਵੜ ਗਿਆ ਅਤੇ ਉਸ ਵੇਲੇ ਦਾਊਦ ਆਪਣਿਆਂ ਮਨੁੱਖਾਂ ਸਣੇ ਉਸੇ ਖੁੰਧਰ ਦੀਆਂ ਨੁੱਕਰਾਂ ਵਿੱਚ ਬੈਠਾ ਹੋਇਆ ਸੀ। (4) ਦਾਊਦ ਦੇ ਮਨੁੱਖਾਂ ਨੇ ਉਹ ਨੂੰ ਆਖਿਆ, ਵੇਖੋ, ਉਹ ਦਿਨ ਆਇਆ ਹੈ ਜੋ ਯਹੋਵਾਹ ਨੇ ਤੁਹਾਨੂੰ ਆਖਿਆ ਸੀ ਕਿ ਵੇਖ, ਮੈਂ ਤੇਰੇ ਵੈਰੀ ਨੂੰ ਭਈ ਜੋ ਤੈਨੂੰ ਭਾਵੇ ਸੋ ਉਹ ਦੇ ਨਾਲ ਕਰਨ ਲਈ ਤੇਰੇ ਹੱਥ ਵਿੱਚ ਕਰ ਦਿਆਂਗਾ। ਤਦ ਦਾਊਦ ਨੇ ਮਲਕੜੇ ਉੱਠ ਕੇ ਸ਼ਾਊਲ ਦੀ ਚੱਦਰ ਦਾ ਪੱਲਾ ਕੱਟ ਲਿਆ।

- ਦਾਊਦ ਵੱਲੋਂ ਪਹਿਲਾ ਮੋੜਵਾਂ ਜਵਾਬ

1 ਸਮੂਏਲ 24:5 ਇਹ ਦੇ ਪਿੱਛੋਂ ਅਜਿਹਾ ਹੋਇਆ ਜੋ ਦਾਊਦ ਦਾ **ਮਨ** ਵਿਆਕਲ ਹੋ ਗਿਆ, ਉਸ ਨੇ ਉਹ ਦੀ ਚੱਦਰ ਦਾ ਪੱਲਾ ਜੋ ਕੱਟਿਆ ਸੀ।

- ਕੀ "ਕਿਸੇ ਨੂੰ ਅਸਵੀਕਾਰ" ਕਰਨ ਜਾਂ ਇਸ ਤਰ੍ਹਾਂ ਦਾ ਵਿਹਾਰ ਕਰਨ ਤੋਂ ਬਾਅਦ ਸਾਡਾ ਮਨ ਵੀ ਇੰਨਾ ਸੰਨਵੇਦਨਸ਼ੀਲ ਮਹਿਸੂਸ ਕਰਦਾ ਹੈ?

    - ਰਸੂਲਾਂ ਦੇ ਕਰਤੱਬ 23:1 ਤਾਂ ਪੌਲੁਸ ਨੇ ਸਭਾ ਦੀ ਵੱਲ ਧਿਆਨ ਲਾ ਕੇ ਕਿਹਾ, ਹੇ ਭਰਾਵੋ, ਮੈਂ ਅੱਜ ਤੀਕ ਪੂਰੀ ਨੇਕਨੀਅਤੀ ਨਾਲ ਪਰਮੇਸ਼ੁਰ ਦੇ ਅੱਗੇ ਚੱਲਦਾ ਰਿਹਾ ਹਾਂ।

    - ਰਸੂਲਾਂ ਦੇ ਕਰਤੱਬ 24:16 ਮੈਂ ਆਪ ਭੀ ਇਸ ਵਿੱਚ ਜਤਨ ਕਰਦਾ ਹਾਂ ਜੋ ਪਰਮੇਸ਼ੁਰ ਅਤੇ ਮਨੁੱਖਾਂ ਦੇ ਸਾਹਮਣੇ ਕਦੇ ਮੇਰਾ ਮਨ ਮੈਨੂੰ ਦੋਸ਼ੀ ਨਾ ਕਰੇ।

    - 1 ਤਿਮੋਥਿਉਸ 1:5 ਇਹ ਬਚਨ ਪੱਕਾ ਹੈ ਅਤੇ ਪੂਰੀ ਤਰਾਂ ਮੰਨਣ ਜੋਗ ਹੈ ਭਈ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿੱਚ ਆਇਆ ਜਿਨ੍ਹਾਂ ਵਿੱਚੋਂ ਮਹਾਂ ਪਾਪੀ ਮੈਂ ਹਾਂ।

    - 1 ਤਿਮੋਥਿਉਸ 1:19 ਅਤੇ ਨਿਹਚਾ ਅਤੇ ਸ਼ੁੱਧ ਅੰਤਹਕਰਨ ਨੂੰ ਤਕੜਿਆਂ ਰੱਖੀਂ ਜਿਹ ਨੂੰ ਕਈਆਂ ਨੇ ਛੱਡ ਕੇ ਨਿਹਚਾ ਦੀ ਬੇੜੀ ਡੋਬ ਦਿੱਤੀ।

    - 1 ਤਿਮੋਥਿਉਸ 3:9 ਪਰ ਨਿਹਚਾ ਦੇ ਭੇਤ ਨੂੰ ਸ਼ੁੱਧ ਅੰਤਹਕਰਨ ਨਾਲ ਮੰਨਣ।

    - ਤੀਤੁਸ 1:15 ਸੁੱਚਿਆਂ ਲਈ ਸੱਭੋ ਕੁਝ ਸੁੱਚਾ ਹੈ ਪਰ ਭਰਿਸ਼ਟਾਂ ਅਤੇ ਬੇਪਰਤੀਤਿਆਂ ਲਈ ਕੁਝ ਵੀ ਸੁੱਚਾ ਨਹੀਂ ਸਗੋਂ ਉਨ੍ਹਾਂ ਦੀ ਬੁੱਧ ਅਤੇ ਅੰਤਹਕਰਨ ਭਰਿਸ਼ਟ ਹੋਏ ਹੋਏ ਹਨ।

- ਸਾਨੂੰ ਚੌਕਸ ਹੋਣਾ ਚਾਹੀਦਾ ਹੈ ਅਤੇ ਦੂਸਰਿਆਂ ਦੁਆਰਾ ਦਿੱਤੀ ਸਲਾਹ ਦੀ ਜਾਂਚ ਕਰਨੀ ਚਾਹੀਦੀ ਹੈ। (24:2)। ਸਲਾਹ ਕਿੱਥੋਂ ਆ ਰਹੀ ਹੈ? ਸਲਾਹ ਦੇਣ ਵਾਲਿਆਂ ਦਾ ਮਕਸਦ ਕੀ ਹੈ?

    - ਲੂਕਾ 12:57 ਤੁਸੀਂ ਆਪੇ ਹੀ ਉਸ ਨੂੰ ਜੋ ਠੀਕ ਹੈ ਕਿਉਂ ਨਹੀਂ ਵਿਚਾਰ ਕਰਦੇ ਹੋ?
      ਅਸੀਂ ਕਿਵੇਂ ਜਾਂਚ ਸਕਦੇ ਹਾਂ ਕਿ ਕੀ ਸਹੀ ਹੈ?

    - ਯੂਹੰਨਾ 5:30 ਮੈਂ ਆਪ ਕੁਝ ਨਹੀਂ ਕਰ ਸੱਕਦਾ। ਜਿਹਾ ਮੈਂ ਸੁਣਦਾ ਹਾਂ ਤਿਹਾ ਹੀ ਨਿਆਉਂ ਕਰਦਾ ਹਾਂ ਅਰ ਮੇਰਾ ਨਿਆਉਂ ਸੱਚਾ ਹੈ ਕਿਉਂ ਜੋ ਮੈਂ ਆਪਣੀ ਮਰਜ਼ੀ ਨਹੀਂ ਭਾਲਦਾ ਪਰ ਉਹ ਦੀ ਮਰਜ਼ੀ

ਜਿਹ ਨੇ ਮੈਨੂੰ ਘੱਲਿਆ।

- ਯੂਹੰਨਾ 7:24 ਵਿਖਾਵੇ ਦੇ ਅਨੁਸਾਰ ਨਿਆਉਂ ਨਾ ਕਰੋ ਪਰੰਤੂ ਸੱਚਾ ਨਿਆਉਂ ਕਰੋ।

9. ਸਾਨੂੰ ਦੂਸਰਿਆਂ ਨੂੰ ਨੇਜੇ ਮਾਰਨ ਤੋਂ ਰੋਕਣ ਲਈ ਜੋ ਵੀ ਕਰ ਸਕੀਏ ਉਹ ਸਭ ਕਰਨਾ ਚਾਹੀਦਾ ਹੈ।

- 1 ਸਮੂਏਲ 26:9 ਪਰ ਦਾਊਦ ਨੇ ਅਬੀਸ਼ਈ ਨੂੰ ਆਖਿਆ, ਉਹ ਨੂੰ ਨਾ ਮਾਰ ਕਿਉਂ ਜੋ ਯਹੋਵਾਹ ਦੇ ਮਸਹ ਹੋਏ ਉੱਤੇ ਕਿਹੜਾ ਹੈ ਜੋ ਹੱਥ ਚੁੱਕੇ ਅਤੇ ਬੇਦੋਸ਼ਾ ਠਹਿਰੇ?
  - ਜ਼ਬੂਰ 105:15 ਭਈ ਮੇਰੇ ਮਸਹ ਕੀਤੇ ਹੋਇਆਂ ਨੂੰ ਨਾ ਛੂਹੋ, ਨਾ ਮੇਰੇ ਨਬੀਆਂ ਦੀ ਹਾਣ ਕਰੋ!
  - ਰੋਮੀਆਂ 12:19 ਹੇ ਪਿਆਰਿਓ, ਆਪਣਾ ਬਦਲਾ ਨਾ ਲਓ ਪਰ ਕ੍ਰੋਧ ਨੂੰ ਜਾਣ ਦਿਓ ਕਿਉਂ ਜੋ ਲਿਖਿਆ ਹੋਇਆ ਹੈ ਕਿ ਪ੍ਰਭੂ ਆਖਦਾ ਹੈ ਭਈ ਬਦਲਾ ਲੈਣਾ ਮੇਰਾ ਕੰਮ ਹੈ, ਮੈਂ ਹੀ ਵੱਟਾ ਲਾਹਵਾਂਗਾ।

- ਦਾਊਦ ਨੇ ਆਪਣੇ ਕਿਸੇ ਵੀ ਮਨੁੱਖ ਨੂੰ ਨੇਜਾ ਮਾਰਨ ਦੀ ਆਗਿਆ ਨਹੀਂ ਦਿੱਤੀ। ਉਹ ਉਸ ਦੇ ਚੇਲੇ ਸਨ ਅਤੇ ਉਨ੍ਹਾਂ ਨੂੰ ਹੌਸਲੇ, ਧਾਰਮਿਕਤਾ ਅਤੇ ਖਰਾਈ ਦੇ ਰਾਹ ਦੀ ਸਿੱਖਿਆ ਦਿੱਤੀ ਗਈ ਅਤੇ ਉਹ **'ਯੋਧੇ ਆਦਮੀ'** ਬਣੇ।

❖ ਇਹ ਅਗਵਾਈ ਹੈ।

❖ ਇਹ ਪਰਮੇਸ਼ੁਰ ਦੇ ਰਾਜ ਵਿੱਚ ਪਰਿਪੱਕਤਾ ਜਾਂ ਸਿਆਣਪ ਨੂੰ ਦਿਖਾਉਂਦੀ ਹੈ।

❖ ਇਹ ਹੈ ਰਾਜਾ ਦਾ ਹਿਰਦਾ। ਉਹ ਵਿਅਕਤੀ ਜੋ ਦੂਸਰਿਆਂ ਉੱਤੇ ਇੱਕ ਸੇਵਕ ਦੇ ਰੂਪ ਵਿੱਚ ਰਾਜ ਕਰਨ ਲਈ ਤਿਆਰ ਹੈ। ਜਿਸ ਦੀ ਹਰੇਕ ਇੱਛਾ ਇਹ ਹੈ ਕਿ ਉਹ ਤਰੱਕੀ ਕਰਨ, ਸਫਲ ਹੋਣ ਅਤੇ ਖੁਸ਼ਹਾਲ ਰਹਿਣ।

10. 1 ਸਮੂਏਲ 23:1. 5, 12 ਦਾਊਦ ਨੂੰ ਅਸਵੀਕਾਰ ਕੀਤੇ ਜਾਣ ਦੀ ਪ੍ਰਕ੍ਰਿਆ ਵਿੱਚ ਹੋਰ ਵੀ ਤੇਜੀ ਆ ਗਈ ਜਦੋਂ ਉਸ ਨੇ ਕਈਲਾਹ ਨੂੰ ਫ਼ਲਿਸਤੀਆਂ ਤੋਂ ਛੁਡਾਇਆ ਅਤੇ ਬਾਅਦ ਵਿੱਚ ਉਸ ਨੇ ਜਾਣਿਆ ਕਿ ਉਸ ਦੀ ਸਹਾਇਤਾ ਕਰਨ ਦੀ ਬਜਾਏ ਉਹ ਵੀ ਉਸ ਨੂੰ ਅਸਵੀਕਾਰ ਕਰ ਦੇਣਗੇ ਅਤੇ ਉਸ ਨੂੰ ਸ਼ਾਊਲ ਦੇ ਹੱਥ ਫੜਵਾ ਦੇਣਗੇ।

ਦਾਊਦ ਬਾਰ-ਬਾਰ ਭੱਜਦਾ ਹੈ ਅਤੇ **ਮੁਕਾਬਲਾ ਕਰਨ ਤੋਂ ਇਨਕਾਰ ਕਰਦਾ ਹੈ।**

- ਕੀ ਭੱਜਣਾ ਕਮਜ਼ੋਰੀ ਦੀ ਨਿਸ਼ਾਨੀ ਹੈ?
  - ਮੱਤੀ 10:23 ਪਰ ਜਦ ਲੋਕ ਤੁਹਾਨੂੰ ਇੱਕ ਨਗਰ ਵਿੱਚ ਸਤਾਉਣ ਤਦ ਦੂਏ ਨੂੰ **ਭੱਜ** ਜਾਓ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਤੁਸੀਂ ਇਸਰਾਏਲ ਦਿਆਂ ਸਾਰਿਆਂ ਨਗਰਾਂ ਵਿੱਚ ਨਾ ਫਿਰ ਨਾ ਲਵੋਗੇ ਕਿ ਮਨੁੱਖ ਦਾ ਪੁੱਤਰ ਆ ਜਾਵੇ।
  - 1 ਕੁਰਿੰਥੀਆਂ 6:18 ਹਰਾਮਕਾਰੀ ਤੋਂ **ਭੱਜੋ।**
  - 1 ਤਿਮੋਥਿਉਸ 6:11 ਪਰ ਤੂੰ ਹੇ ਪਰਮੇਸ਼ੁਰ ਦਿਆ ਬੰਦਿਆ, ਇਨ੍ਹਾਂ ਗੱਲਾਂ ਤੋਂ **ਭੱਜ** ਅਤੇ ਧਰਮ, ਭਗਤੀ, ਨਿਹਚਾ, ਪ੍ਰੇਮ, ਧੀਰਜ, ਨਰਮਾਈ ਦੇ ਮਗਰ ਲੱਗਾ ਰਹੁ।
  - 2 ਤਿਮੋਥਿਉਸ 2:22 ਪਰ ਜੁਆਨੀ ਦੀਆਂ ਕਾਮਨਾਂ ਤੋਂ **ਭੱਜ** ਅਤੇ ਜਿਹੜੇ ਸਾਫ਼ ਦਿਲ ਤੋਂ ਪ੍ਰਭੂ ਦਾ ਨਾਮ ਲੈਂਦੇ ਹਨ ਉਨ੍ਹਾਂ ਨਾਲ ਧਰਮ, ਨਿਹਚਾ, ਪ੍ਰੇਮ ਅਤੇ ਮਿਲਾਪ ਦੇ ਮਗਰ ਲੱਗਾ ਰਹੁ।

11. 1 ਸਮੂਏਲ 27-28 ਅਖੀਰ ਦਾਊਦ ਨੂੰ ਆਪਣਾ ਦੇਸ ਇਸਰਾਏਲ ਛੱਡਣਾ ਪਿਆ। ਉਹ ਫ਼ਲਿਸਤ ਵਿੱਚ ਚਲਿਆ ਗਿਆ ਅਤੇ ਰਾਜਾ ਅਕੀਸ਼ ਨੇ ਦਾਊਦ ਅਤੇ ਉਸ ਦੇ ਛੇ ਸੌ ਜਵਾਨਾਂ ਲਈ ਸੀਕਲਗ ਨਗਰ ਦੇ ਦਿੱਤਾ।

12. 1 ਸਮੂਏਲ 29 ਫ਼ਲਿਸਤੀ ਇਸਰਾਏਲ ਨਾਲ ਲੜਨ ਲਈ ਜਾ ਰਹੇ ਸਨ, ਦਾਊਦ ਅਤੇ ਉਸ ਦੇ ਜਵਾਨ ਉਨ੍ਹਾਂ ਦੇ ਨਾਲ ਸਨ, ਪਰ ਉਨ੍ਹਾਂ ਨੇ ਦਾਊਦ ਨੂੰ ਇਹ ਆਖਦੇ ਹੋਏ ਵਾਪਸ ਭੇਜ ਦਿੱਤਾ ਕਿ ਉਹ ਉੱਥੇ ਜਾ ਕੇ ਇਸਰਾਏਲ ਵੱਲੋਂ ਲੜੇਗਾ। ਸੀਕਲਗ ਵਾਪਸ ਆ ਕੇ ਉਨ੍ਹਾਂ ਨੇ ਦੇਖਿਆ ਕਿ ਨਗਰ ਨੂੰ ਸਾੜ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਗੁਲਾਮ ਬਣਾ ਲਿਆ ਗਿਆ ਹੈ। ਅਤੇ ਹੁਣ, **ਸਭ ਤੋਂ ਵੱਡੀ ਅਸਵੀਕਾਰਤਾ** ਇਹ ਸੀ ਕਿ ਜਿਨ੍ਹਾਂ ਵਿਅਕਤੀਆਂ ਨੂੰ ਦਾਊਦ ਨੇ ਪਿਆਰ ਕੀਤਾ, ਸਿਖਾਇਆ, ਉਨ੍ਹਾਂ ਲਈ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ, ਉਹ ਵੀ ਦਾਊਦ ਨੂੰ ਅਸਵੀਕਾਰ ਕਰਨ ਲਈ ਤਿਆਰ ਹੋ ਗਏ ਸਨ (1 ਸਮੂਏਲ 30)।

- 1 ਸਮੂਏਲ 30:6 ਦਾਊਦ ਵੱਡਾ ਔਖਾ ਹੋਇਆ ਕਿਉਂ ਜੋ ਲੋਕ ਉਹ ਨੂੰ ਵੱਟੇ ਮਾਰਨ ਦਾ ਉਪਾਓ ਕਰਦੇ ਸਨ ਏਸ ਲਈ ਜੋ ਸੱਭੇ ਆਪੋ ਆਪਣੇ ਪੁੱਤਰਾਂ ਧੀਆਂ ਵੱਲੋਂ ਬਹੁਤ ਦੁਖੀ ਸਨ ਪਰ **ਦਾਊਦ ਨੇ ਯਹੋਵਾਹ** ਆਪਣੇ ਪਰਮੇਸ਼ੁਰ ਵੱਲ **ਆਪਣੇ ਮਨ ਨੂੰ ਤਕੜਾ ਕੀਤਾ।**
- ਜਦੋਂ ਦੂਸਰੇ ਤੁਹਾਡੇ ਵਿਰੋਧ ਵਿੱਚ ਹੁੰਦੇ ਹਨ // ਤੁਹਾਨੂੰ ਅਸਵੀਕਾਰ ਕਰਦੇ ਹਨ:

- ਤੁਸੀਂ ਤਾਕਤ ਪਾਉਣ ਲਈ ਕਿਹੜੀ ਗੱਲ ਦਾ ਸਹਾਰਾ ਲੈਂਦੇ ਹੋ?
- ਤੁਸੀਂ ਕਿਸ ਕੋਲ ਜਾਂਦੇ ਹੋ?

13. **ਪਰਮੇਸ਼ੁਰ ਵਿੱਚ ਸ਼ਕਤੀ** ਹਾਸਲ ਕਰਨ ਨਾਲ ਦਾਊਦ ਦਬਾਓ ਹੇਠ ਟੁੱਟਣ ਤੋਂ ਬਚ ਗਿਆ, ਇਸ ਨੇ ਉਸ ਦੇ ਜੀਵਨ ਨੂੰ ਬਚਾਇਆ ਅਤੇ ਉਸ ਨੂੰ ਇੱਕ ਹੋਰ ਜਿੱਤ ਦਿੱਤੀ। ਦਾਊਦ ਨੇ ਆਪਣਾ ਧਿਆਨ ਪਰਮੇਸ਼ੁਰ ਉੱਤੇ ਲਗਾਈ ਰੱਖਿਆ, ਆਪਣੇ ਆਪ ਉੱਤੇ ਜਾਂ ਸਥਿਤੀ ਉੱਤੇ ਨਹੀਂ, ਅਗਵਾਈ ਲਈ ਪਰਮੇਸ਼ੁਰ ਨੂੰ ਭਾਲਦੇ ਹੋਏ **ਦਾਊਦ ਨੇ ਆਦਮੀਆਂ ਨੂੰ ਮਕਸਦ, ਦਰਸ਼ਣ ਅਤੇ ਉਨ੍ਹਾਂ ਦੇ ਜੀਵਨਾਂ ਦੀ ਬੁਲਾਹਟ ਵੱਲ ਵਾਪਸ ਬੁਲਾਇਆ** – ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਬਚਾਇਆ। 1 ਸਮੂਏਲ 30:16-20

- ਇਹ ਹੈ ਆਗੂਪੁਣਾ।

- ਇਹ ਪਰਮੇਸ਼ੁਰ ਦੇ ਰਾਜ ਵਿੱਚ ਪਰਿਪੱਕਤਾ ਜਾਂ ਸਿਆਣਪ ਨੂੰ ਦਿਖਾਉਂਦਾ ਹੈ।

- ਇਹ ਹੈ ਇੱਕ ਰਾਜਾ ਦਾ ਦਿਲ। ਉਹ ਵਿਅਕਤੀ ਜੋ ਦੂਸਰਿਆਂ ਉੱਤੇ ਇੱਕ ਸੇਵਕ ਦੇ ਰੂਪ ਵਿੱਚ ਰਾਜ ਕਰਨ ਲਈ ਤਿਆਰ ਹੈ। ਜਿਸ ਦੀ ਹਰੇਕ ਇੱਛਾ ਇਹ ਹੈ ਕਿ ਉਹ ਤਰੱਕੀ ਕਰਨ, ਸਫਲ ਹੋਣ ਅਤੇ ਖੁਸ਼ਹਾਲ ਰਹਿਣ।

ਸਾਨੂੰ **ਚਾਹੀਦਾ** ਹੈ ਕਿ ਅਸੀਂ ਵੀ ਸਹੀ ਵਿਹਾਰ ਕਰਨਾ ਸਿੱਖੀਏ ਅਤੇ ਇਨ੍ਹਾਂ ਗੱਲਾਂ ਦੇ ਵਿਰੁੱਧ ਪ੍ਰਤੀਕਿਰਿਆ ਨਾ ਕਰੀਏ: ਅਸਵੀਕਾਰਤਾ, ਦੂਸਰਿਆਂ ਦੁਆਰਾ ਜਾਂ ਸਮੱਸਿਆਵਾਂ ਦੁਆਰਾ ਹਮਲਾ ਕੀਤਾ ਜਾਣਾ।
ਜਦੋਂ ਅਸੀਂ ਸਹੀ ਵਿਹਾਰ ਕਰਾਂਗੇ, ਤਾਂ ਪਰਮੇਸ਼ੁਰ ਇਸ ਦੇ ਰਾਹੀਂ:

1. ਸਾਡੇ ਲਈ ਭਲਾਈ ਪੈਦਾ ਕਰੇਗਾ ਅਤੇ ਭਵਿੱਖ ਵਿੱਚ ਹੋਰ ਜ਼ਿਆਦਾ ਵਿਨਾਸ਼ਕਾਰੀ ਹਲਾਤਾਂ ਤੋਂ ਸਾਨੂੰ **ਬਚਾਵੇਗਾ**। ਰੋਮੀਆਂ 8:28

2. ਅਤੇ ਸਾਡਾ ਸਹੀ ਵਿਹਾਰ ਸਾਨੂੰ ਸਾਡੀ ਮੰਜ਼ਿਲ ਲਈ ਤਿਆਰ ਕਰਦਾ ਹੈ।

- ਸੱਚੇ ਵਿਸ਼ਵਾਸੀਆਂ ਦੇ ਤੌਰ ਤੇ:

- ਅਸੀਂ ਪਾਪ ਦੀ **ਸਜ਼ਾ** ਤੋਂ "**ਬਚਾਏ ਗਏ ਹਾਂ**" (ਅਫਸੀਆਂ 2:5, 8) ਅਤੇ ਸਾਡੇ ਕੋਲ ਸਦੀਪਕ ਜੀਵਨ ਹੈ। ਸਾਡਾ ਕੰਮ **ਕੇਵਲ** ਵਿਸ਼ਵਾਸ ਕਰਨਾ ਹੈ।

- ਹੁਣ ਅਸੀਂ ਪਾਪ ਦੀ **ਸਮਰੱਥਾ** ਤੋਂ "**ਬਚਾਏ ਜਾ ਰਹੇ ਹਾਂ**" (1 ਕੁਰਿੰਥੀਆਂ 2:5, 8) ਅਤੇ ਇਸ ਤਰ੍ਹਾਂ ਸ਼ੈਤਾਨ ਦੇ ਹਮਲਿਆਂ ਤੋਂ ਵੀ। ਸਾਡਾ ਕੰਮ ਆਪਣੇ ਪਰਮੇਸ਼ੁਰ ਅਤੇ ਉਸ ਦੇ ਵਚਨ ਦੀ **ਆਗਿਆਕਾਰੀ** ਕਰਨਾ ਹੈ, ਜੋ ਕਿ ਸਹੀ ਪ੍ਰਤੀਉੱਤਰ ਹੈ।

  ਫਲਿੱਪੀਆਂ 2:12-13 ਇਸ ਲਈ, ਹੇ ਮਰੇ ਪਿਆਰਿਓ, ਜਿਵੇਂ ਤੁਸਾਂ ਸਦਾ **ਆਗਿਆਕਾਰੀ ਕੀਤੀ.....** ਡਰਦੇ ਅਤੇ ਕੰਬਦੇ ਹੋਏ **ਆਪਣੀ ਮੁਕਤੀ ਦਾ ਕੰਮ ਨਿਬਾਹੋ**। (13) ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿੱਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ।

ਦਾਊਦ ਦਾ ਜੀਵਨ ਸਾਡੇ ਲਈ ਇੱਕ ਉਦਾਹਰਣ ਹੈ ਜੋ ਸਾਨੂੰ ਇਸ ਤਰ੍ਹਾਂ ਦਾ ਜੀਵਨ ਬਿਤਾਉਣ ਲਈ ਪ੍ਰੇਰਣਾ ਦਿੰਦਾ ਹੈ ਕਿ ਅਸੀਂ (1) ਪਰਮੇਸ਼ੁਰ ਵਿੱਚ ਸ਼ਕਤੀ ਭਾਲੀਏ ਅਤੇ (2) ਪਰਮੇਸ਼ੁਰ ਦੀ **ਕਿਰਪਾ** ਅਤੇ **ਨੇੜਤਾ** ਪ੍ਰਾਪਤ ਕਰੀਏ।

14. ਪਰਮੇਸ਼ੁਰ ਵੱਲੋਂ ਸਾਨੂੰ ਦਿੱਤੀ ਗਈ ਮੰਜ਼ਿਲ ਉੱਤੇ ਪਹੁੰਚਣ ਲਈ ਸਾਡਾ ਯੋਗਦਾਨ ਜਾਂ ਸ਼ਾਮਲ ਹੋਣਾ ਜ਼ਰੂਰੀ ਹੈ।

**ਯਿਸੂ ਖੁਦ:** **ਗਿਆਨ** ਅਰ **ਕੱਦ** (**ਪਰਿਪੱਕਤਾ**) ਅਰ ਪਰਮੇਸ਼ੁਰ ਅਤੇ ਮਨੁੱਖਾਂ ਦੀ ਕਿਰਪਾ ਵਿੱਚ ਵਧਦਾ ਗਿਆ। (ਲੂਕਾ 2:52)

ਅਸੀਂ ਗਿਆਨ, ਪਰਿਪੱਕਤਾ ਅਤੇ ਕਿਰਪਾ ਵਿੱਚ ਕਿਵੇਂ ਵਧਦੇ ਹਾਂ?

- ਜਿਵੇਂ ਮੂਸਾ ਨੇ ਪ੍ਰਾਰਥਨਾ ਕੀਤੀ: "ਮੈਨੂੰ ਆਪਣਾ ਰਾਹ ਦੱਸ" (ਕੂਚ 33:13)

ਯੂਹੰਨਾ 5:19 "......ਪੁੱਤਰ ਆਪ ਤੋਂ ਕੁਝ ਨਹੀਂ ਕਰ ਸੱਕਦਾ ਪਰ ਜੋ ਕੁਝ ਉਹ ਪਿਤਾ ਨੂੰ ਕਰਦਿਆਂ **ਵੇਖਦਾ**......"

ਯੂਹੰਨਾ 8:38 **ਮੈਂ** ਜੋ ਕੁਝ ਆਪਣੇ ਪਿਤਾ ਦੇ ਕੋਲ **ਵੇਖਿਆ ਹੈ** ਸੋਈ ਕਹਿੰਦਾ ਹਾਂ।

- ਉਸ ਨੇ ਆਪਣੀ ਸੇਵਾ ਆਪਣੇ ਈਸ਼ੁਰੀ ਰੂਪ **ਦੁਆਰਾ ਨਹੀਂ** ਸਗੋਂ ਇੱਕ **ਮਨੁੱਖ ਦੇ ਰੂਪ** ਵਿੱਚ ਪੂਰੀ ਕੀਤੀ, ਜਿਸ ਵਿੱਚ **ਉਸ ਨੇ ਆਪਣੇ ਪਿਤਾ ਦੀ ਆਗਿਆਕਾਰੀ ਕੀਤੀ।** ਉਹ ਸਾਡੇ ਲਈ ਉਦਾਹਰਣ ਹੈ।

- "*ਮਨੁੱਖਾਂ ਦੁਆਰਾ ਰੱਦ ਕੀਤਾ ਗਿਆ,*" ਅਤੇ ਬਹੁਤ ਦੁੱਖ ਭੋਗਿਆ, ਅਰਥਾਤ ਮੌਤ ਤੱਕ (ਫਿਲਿੱਪੀਆਂ 2:8) ਅਤੇ ਫਿਰ ਵੀ ਆਪਣੇ ਪਿਤਾ ਦੀ ਆਗਿਆਕਾਰੀ ਕੀਤੀ। 1 ਪਤਰਸ 2:4, 21-23

- ਉਹ "*ਸਾਰੀਆਂ ਗੱਲਾਂ ਵਿੱਚ ਸਾਡੇ ਵਾਂਗੂੰ ਪਰਤਾਇਆ ਗਿਆ ਪਰ ਪਾਪ ਤੋਂ ਰਹਿਤ ਰਿਹਾ*" (ਇਬਰਾਨੀਆਂ 4:15)। ਫਿਰ ਵੀ ਆਪਣੇ ਪਿਤਾ ਦੀ ਆਗਿਆਕਾਰੀ ਕੀਤੀ।

- ਇਸ ਤਰ੍ਹਾਂ ਯਿਸੂ ਪਰਮੇਸ਼ੁਰ ਦੀ ਕਿਰਪਾ ਵਿੱਚ ਵਧਿਆ ਅਤੇ ਇਸੇ ਤਰ੍ਹਾਂ ਅਸੀਂ ਵੀ ਪਰਮੇਸ਼ੁਰ ਦੀ ਕਿਰਪਾ ਵਿੱਚ ਵਧਣਾ ਹੈ, ਤਾਂ ਕਿ ਪਰਮੇਸ਼ੁਰ ਦੇ ਮਕਸਦ ਨੂੰ ਪੂਰਾ ਕਰ ਸਕੀਏ ਜਿਵੇਂ ਯਿਸੂ ਨੇ ਕੀਤਾ।

- ਇਸ ਦੇ ਉਲਟ: *ਫਰੀਸੀਆਂ ਅਤੇ ਸ਼ਰਾ ਦੇ ਸਿਖਾਉਣ ਵਾਲਿਆਂ ਨੇ ਆਪਣੇ ਲਈ ਪਰਮੇਸ਼ੁਰ ਦੀ ਜੁਗਤ ਨੂੰ ਟਾਲ ਦਿੱਤਾ* (ਲੂਕਾ 7:30)। ਵਿਸ਼ਵਾਸ ਅਤੇ ਆਗਿਆਕਾਰੀ ਨਾ ਕਰਨ ਦੇ ਦੁਆਰਾ।

- ਸਾਨੂੰ "*ਗਿਆਨ, ਪਰਿਪੱਕਤਾ ਅਤੇ ਪਰਮੇਸ਼ੁਰ ਅਤੇ ਮਨੁੱਖਾਂ ਦੀ ਕਿਰਪਾ ਵਿੱਚ ਵਧਦੇ ਜਾਣ*" ਦੀ **ਲੋੜ ਹੈ।** ਦੂਸਰੇ ਲੋਕ ਦੇਖਣਾ ਸ਼ੁਰੂ ਕਰਨਗੇ ਕਿ ਤੁਸੀਂ ਬਾਕੀਆਂ ਨਾਲੋਂ ਅਲੱਗ ਹੋ। ਤੁਹਾਡਾ ਆਦਰ ਕਰਨਾ ਸ਼ੁਰੂ ਕਰਨਗੇ, ਤੁਹਾਡੇ ਪਿੱਛੇ ਚੱਲਣਾ ਸ਼ੁਰੂ ਕਰਨਗੇ।

- ਪਰਮੇਸ਼ੁਰ ਸਾਡੇ ਸਾਰਿਆਂ ਨਾਲ 100% ਪਿਆਰ ਕਰਦਾ ਹੈ ਪਰ ਕਿਰਪਾ ਅਲੱਗ ਹੈ। ਸ਼ਬਦ ਕਿਰਪਾ *ਖਾਰੀਸ* ਹੈ ਜੋ ਈਸ਼ਵਰੀ ਦਯਾ ਜਾਂ ਯੋਗਤਾ ਹੈ ਜੋ ਉਹ ਉਸ ਸਮੇਂ ਦਿੰਦਾ ਹੈ ਜਦੋਂ ਉਹ ਦੇਖਦਾ ਹੈ ਕਿ ਤੁਸੀਂ ਸੱਚਮੁੱਚ ਇੱਕ ਨਵਾਂ ਜੀਵਨ ਜੀਉਣਾ ਚਾਹੁੰਦੇ ਹੋ।

1 ਕੁਰਿੰਥੀਆਂ 15:10 ਪਰ ਮੈਂ ਜੋ ਕੁਝ ਹਾਂ ਪਰਮੇਸ਼ੁਰ ਦੀ **ਕਿਰਪਾ** ਹੀ ਨਾਲ ਹਾਂ ਅਤੇ ਉਹ ਦੀ **ਕਿਰਪਾ** ਜੋ ਮੇਰੇ ਉੱਤੇ ਹੋਈ ਸੋ **ਅਕਾਰਥ** ਨਾ ਹੋਈ ਪਰ **ਮੈਂ** ਉਨ੍ਹਾਂ ਸਭਨਾਂ ਨਾਲੋਂ ਵਧੀਕ **ਮਿਹਨਤ ਕੀਤੀ** ਪਰੰਤੂ ਮੈਂ ਤਾਂ ਨਹੀਂ ਸਗੋਂ ਪਰਮੇਸ਼ੁਰ ਦੀ **ਕਿਰਪਾ** ਨੇ ਜੋ ਮੇਰੇ ਨਾਲ ਸੀ। NASU

2 ਤਿਮੋਥਿਉਸ 2:20-21 ਵੱਡੇ ਘਰ ਵਿੱਚ ਨਿਰੇ ਸੋਨੇ ਚਾਂਦੀ ਦੇ ਹੀ ਭਾਂਡੇ ਨਹੀਂ ਸਗੋਂ ਕਾਠ ਅਤੇ ਮਿੱਟੀ ਦੇ ਭੀ ਹੁੰਦੇ ਹਨ ਅਤੇ ਕਈ ਆਦਰ ਦੇ ਅਤੇ ਕਈ ਨਿਰਾਦਰ ਦੇ ਕੰਮ ਲਈ ਹੁੰਦੇ ਹਨ। ਸੋ **ਜੇ ਕੋਈ ਆਪਣੇ ਆਪਣੇ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਮਾਲਿਕ ਦੇ ਵਰਤਣ ਜੋਗ ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ।**

ਅਤੇ ਜਦੋਂ ਅਸੀਂ ਆਪਣੇ ਆਪ ਨੂੰ ਸ਼ੁੱਧ ਕਰਦੇ ਹਾਂ, ਤਾਂ ਅਸੀਂ ਕਿਰਪਾ (*ਖ਼ਾਰੀਸ*) ਵਿੱਚ ਵਧਦੇ ਹਾਂ – ਜਾਂ, ਉਸ ਦੇ ਭਲੇ ਕੰਮ ਨੂੰ ਕਰਨ ਲਈ ਸਾਨੂੰ ਹੋਰ ਜਿਆਦਾ ਕਿਰਪਾ ਦਿੱਤੀ ਜਾਂਦੀ ਹੈ।

2 ਕੁਰਿੰਥੀਆਂ 12:9 ਅਤੇ ਉਸ ਨੇ ਮੈਨੂੰ ਆਖਿਆ ਭਈ ਮੇਰੀ **ਕਿਰਪਾ** ਹੀ ਤੇਰੇ ਲਈ ਬਥੇਰੀ ਹੈ ਕਿਉਂ ਜੋ ਮੇਰੀ **ਸਮਰੱਥਾ** ਨਿਰਬਲਤਾਈ ਵਿੱਚ ਪੂਰੀ ਹੁੰਦੀ ਹੈ। ਇਸ ਲਈ ਮੈਂ ਆਪਣੀਆਂ ਨਿਰਬਲਤਾਈਆਂ ਉੱਤੇ ਅੱਤ ਅਨੰਦ ਨਾਲ ਅਭਮਾਨ ਕਰਾਂਗਾ ਤਾਂ ਜੋ ਮਸੀਹ ਦੀ ਸਮਰੱਥਾ ਮੇਰੇ ਉੱਤੇ ਸਾਯਾ ਕਰੇ।

ਇਸ ਲਈ ਜ਼ਿੰਦਗੀ ਦੇ ਆਪਣੇ ਮਕਸਦ ਨੂੰ ਪੂਰਾ ਕਰਨ ਲਈ – ਪਰਮੇਸ਼ੁਰ ਦੁਆਰਾ ਦਿੱਤੀ ਗਈ ਸਾਡੀ ਯੋਗਤਾ ਤੱਕ ਪਹੁੰਚਣ ਲਈ, ਸਾਡੇ ਯੋਗਦਾਨ ਜਾਂ ਸ਼ਾਮਲ ਹੋਣ ਦੀ ਜ਼ਰੂਰਤ ਹੈ – ਆਪਣਾ ਜੀਵਨ ਬਿਤਾਉਣ ਲਈ ਪਰਮੇਸ਼ੁਰ ਵਿੱਚ ਅਤੇ ਉਸ ਦੇ ਵਚਨ ਵਿੱਚੋਂ ਸ਼ਕਤੀ ਪ੍ਰਾਪਤ ਕਰਨਾ।

ਸਾਨੂੰ ਵੀ ਆਗਿਆਕਾਰੀ ਦੁਆਰਾ ਪਰਤਾਵਿਆਂ, ਰੱਦ ਕੀਤੇ ਜਾਣ ਅਤੇ ਦੁੱਖ ਭੋਗਣ ਵਿੱਚ ਸਹੀ ਵਿਹਾਰ ਕਰਨਾ ਚਾਹੀਦਾ ਹੈ, ਤਾਂ ਕਿ ਗਿਆਨ, ਪਰਿਪੱਕਤਾ ਅਤੇ ਪਰਮੇਸ਼ੁਰ ਅਤੇ ਮਨੁੱਖਾਂ ਦੀ ਕਿਰਪਾ ਵਿੱਚ ਵਧਦੇ ਜਾਈਏ, ਕਿਉਂਕਿ ਸਾਡੀ ਉੱਚ ਬੁਲਾਹਟ ਅਤੇ ਉੱਚ ਮੰਜ਼ਿਲ ਹੈ।

15. ਸਾਡੀ ਮੰਜ਼ਿਲ ਜਾਂ ਮਕਸਦ ਹੈ– "*ਧਰਤੀ ਉੱਤੇ ਰਾਜ ਕਰਨਾ*"

2 ਤਿਮੋਥਿਉਸ 2:12 ਉਹ ਦੇ ਨਾਲ ਰਾਜ ਭੀ ਕਰਾਂਗੇ।

ਪਰਕਾਸ਼ ਦੀ ਪੋਥੀ 20:6 ਧੰਨ ਅਤੇ ਪਵਿੱਤਰ ਉਹ ਜਿਹੜਾ ਪਹਿਲੀ ਕਿਆਮਤ ਵਿੱਚ ਸ਼ਾਮਿਲ ਹੈ! ਏਹਨਾਂ ਉੱਤੇ ਦੂਈ ਮੌਤ ਦਾ ਕੁਝ ਵੱਸ ਨਹੀਂ ਸਗੋਂ ਓਹ ਪਰਮੇਸ਼ੁਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ ਉਹ ਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ।

ਪਰਕਾਸ਼ ਦੀ ਪੋਥੀ 5:9-10 ਅਤੇ ਓਹ ਇਹ ਆਖਦਿਆਂ ਇੱਕ ਨਵਾਂ ਗੀਤ ਗਾਉਂਦੇ ਸਨ,-ਤੂੰ ਉਹ ਪੋਥੀ ਲੈਣ ਅਤੇ ਉਹ ਦੀਆਂ ਮੋਹਰਾਂ ਖੋਲ੍ਹਣ ਦੇ ਜੋਗ ਹੈਂ, ਕਿਉਂਕਿ ਤੂੰ ਕੋਹਿਆ ਗਿਆ ਸੈਂ, ਅਤੇ ਤੈਂ ਆਪਣੇ ਲਹੂ ਨਾਲ ਹਰੇਕ ਗੋਤ, ਭਾਖਿਆ, ਉੱਮਤ ਅਤੇ ਕੌਮ ਵਿੱਚੋਂ ਪਰਮੇਸ਼ੁਰ ਦੇ ਲਈ ਲੋਕਾਂ ਨੂੰ ਮੁੱਲ ਲਿਆ, ਅਤੇ ਓਹਨਾਂ ਨੂੰ ਸਾਡੇ ਪਰਮੇਸ਼ੁਰ ਲਈ, ਇੱਕ *__ਪਾਤਸ਼ਾਹੀ__ ਅਤੇ **ਜਾਜਕ** ਬਣਾਇਆ, ਅਤੇ ਓਹ ਧਰਤੀ ਉੱਤੇ **ਰਾਜ** ਕਰਨਗੇ।

*ਬਸੀਲੀਆ (ਇੱਕਵਚਨ): ਸ਼ਾਹੀ; ਸੰਖੇਪ ਰੂਪ ਵਿੱਚ – ਸ਼ਾਸ਼ਨ; ਠੋਸ ਰੂਪ ਵਿੱਚ – ਇੱਕ ਰਾਜ (ਸ਼ਾਬਦਿਕ ਜਾਂ ਸੰਕੇਤਕ)। ਤੁਲਨਾ ਕਰੋ: ਪਰਕਾਸ਼ ਦੀ ਪੋਥੀ 1:6; ਕੂਚ 19:6

- ਇਸ ਦਾ ਅਰਥ ਹੈ ਕਿ ਸਾਡੇ ਪ੍ਰਭਾਵ ਦਾ ਇੱਕ ਦਾਇਰਾ ਹੋਣਾ ਚਾਹੀਦਾ ਹੈ – ਜੋ ਸਾਡੀ ਜੀਵਨ ਸ਼ੈਲੀ ਦੇ ਦੁਆਰਾ **ਬਣਿਆ** ਹੋਵੇ – ਅਤੇ ਪਰਮੇਸ਼ੁਰ ਦੇ ਦੁਆਰਾ ਕੀਤੀ ਗਈ ਕਿਰਪਾ ਦੁਆਰਾ ਪੂਰਾ ਕੀਤਾ ਗਿਆ ਹੋਵੇ।

- ਗਿਆਨ, ਪਰਿਪੱਕਤਾ ਅਤੇ ਕਿਰਪਾ ਵਿੱਚ ਵਧਣਾ, ਸਾਨੂੰ **ਪ੍ਰਭਾਵ ਦਾ** ਇੱਕ **ਦਾਇਰਾ** ਦਿੰਦਾ ਹੈ ਅਤੇ ਸਾਨੂੰ ਆਪਣੇ ਦਾਇਰੇ ਵਿੱਚ ਇੱਕ **ਆਗੂ** ਬਣਾਉਂਦਾ ਹੈ।

- ਸਾਡਾ "**ਰਾਜ**" "ਦੂਸਰਿਆਂ ਉੱਤੇ ਰਾਜ ਕਰਨਾ" ਨਹੀਂ ਹੈ। "ਪਰਮੇਸ਼ੁਰ ਦੇ ਰਾਜ" ਵਿੱਚ ਇਹ **ਦੂਸਰਿਆਂ ਦੀ ਸੇਵਾ ਕਰਨ** ਲਈ ਕਿਰਪਾ ਅਤੇ ਸਮਰੱਥਾ ਹੈ।

  ਯੂਹੰਨਾ 13:14 ਸੋ ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇੱਕ ਦੂਏ ਦੇ ਪੈਰ ਧੋਵੋ।

- ਰਾਜਿਆਂ ਦੀ ਅਗਵਾਈ ਨਾਗਰਿਕਾਂ ਨੂੰ **ਸੁਰੱਖਿਆ**, **ਵਿੱਦਿਆ** ਅਤੇ **ਖੁਸ਼ਹਾਲੀ** ਮੁਹੱਈਆ ਕਰਾਉਂਦੀ ਹੈ। ਤੁਹਾਡੇ ਪ੍ਰਭਾਵ ਦਾ ਪਹਿਲਾ ਦਾਇਰਾ **ਤੁਹਾਡਾ ਪਰਿਵਾਰ** ਹੈ। ਸੇਵਕ-ਆਗੂ ਹੁੰਦੇ ਹੋਏ ਸੁਰੱਖਿਆ, ਵਿੱਦਿਆ ਅਤੇ ਖੁਸ਼ਹਾਲੀ ਦੇਣ ਦੁਆਰਾ, ਇਸ ਦੀ ਉਦਾਹਰਣ ਦੇਣਾ ਕਿ ਖਰਾਈ ਦਾ ਜੀਵਨ ਕਿਵੇਂ ਗੁਜ਼ਰਨਾ

ਹੈ।

- ਇਸ ਦੇ ਲਈ **ਜ਼ਰੂਰੀ** ਹੈ ਅਸੀਂ ਇਹ ਚੀਜ਼ਾਂ ਮੁਹੱਈਆ ਕਰਾਉਣ ਦੇ ਯੋਗ ਹੋਈਏ ਅਤੇ ਮੁਹੱਈਆ ਕਰਾਉਣ ਦੀ ਯੋਗਤਾ ਸਾਡੇ ਉੱਤੇ ਪਰਮੇਸ਼ੁਰ ਵੱਲੋਂ ਕੀਤੀ ਜਾਣ ਵਾਲੀ ਕਿਰਪਾ ਤੋਂ ਆਉਂਦੀ ਹੈ।

  ਜ਼ਬੂਰ 27:4 ਮੈਂ ਯਹੋਵਾਹ ਤੋਂ ਇੱਕ ਗੱਲ ਮੰਗੀ ਹੈ ਅਤੇ ਮੈਂ ਉਹੀ ਭਾਲਾਂਗਾ, ਕਿ ਮੈਂ ਜੀਉਣ ਭਰ ਯਹੋਵਾਹ ਦੇ ਘਰ ਵੱਸਾਂ, ਤਾਂ ਜੋ ਮੈਂ ਯਹੋਵਾਹ ਦੀ ਮਨੋਹਰਤਾ ਨੂੰ ਤੱਕਾਂ, ਅਤੇ ਉਹ ਦੀ ਹੈਕਲ ਵਿੱਚ **ਧਿਆਨ ਕਰਾਂ**।

  ਕਹਾਉਤਾਂ 2:6-7 ਕਿਉਂ ਜੋ ਬੁੱਧ ਯਹੋਵਾਹ ਹੀ ਦਿੰਦਾ ਹੈ, ਗਿਆਨ ਅਤੇ ਸਮਝ ਉਸੇ ਦੇ ਮੂੰਹੋਂ ਨਿੱਕਲਦੀ ਹੈ। ਸਚਿਆਰਾਂ ਲਈ ਉਹ ਦਨਾਈ ਰੱਖ ਛੱਡਦਾ ਹੈ, ਜਿਹੜੇ ਖਰਿਆਈ ਨਾਲ ਚੱਲਦੇ ਹਨ ਉਨ੍ਹਾਂ ਲਈ ਉਹ ਢਾਲ ਹੈ।

**ਸਾਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਅਸੀਂ ਕੌਣ ਹਾਂ, ਆਪਣੀ ਉੱਚੀ ਬੁਲਾਹਟ ਅਤੇ ਪਦਵੀ ਵੱਲ ਵਧਦੇ ਜਾਈਏ, ਆਪਣੀ ਸੇਵਕਾਈ ਨੂੰ ਪੂਰਾ ਕਰੀਏ ਅਤੇ ਆਪਣੀ ਮੰਜ਼ਿਲ ਜਾਂ ਮਕਸਦ ਨੂੰ ਹਾਸਲ ਕਰੀਏ।**

ਅਤੇ ਸਾਨੂੰ ਦਿੱਤੀ ਗਈ ਪਦਵੀ ਦੇ ਨਤੀਜੇ ਵਜੋਂ, ਯਿਸੂ ਨੇ: ਸਾਨੂੰ ਉਸ ਦੇ ਨਾਲ ਉਠਾਇਆ ਅਰ ਸਾਨੂੰ ਮਸੀਹ ਯਿਸੂ ਵਿੱਚ ਸੁਰਗੀ ਥਾਵਾਂ ਉੱਤੇ ਉਸ ਦੇ ਨਾਲ ਬਹਾਲਿਆ। ਅਫ਼ਸੀਆਂ 2:6

ਪ੍ਰਸ਼ਨ ਇਹ ਹੈ:

1. ਅਸੀਂ ਕਿਸ ਹੱਦ ਤੱਕ ਸਾਨੂੰ ਦਿੱਤੀ ਗਈ ਯੋਗਤਾ ਵਿੱਚ ਚੱਲਦੇ ਅਤੇ ਜੀਉਂਦੇ ਹਾਂ?

2. ਕੀ ਅਸੀਂ ਉਸ ਦੇ ਰਾਜ ਦੇ ਨਿਯਮਾਂ ਦੀ ਪਾਲਣਾ ਕਰ ਰਹੇ ਹਾਂ? ਜਿਨ੍ਹਾਂ ਨਿਯਮਾਂ ਦੀ ਅਸੀਂ ਪਾਲਣਾ ਨਹੀਂ ਕਰਦੇ, ਉਨ੍ਹਾਂ ਨਿਯਮਾਂ ਨੂੰ ਅਸੀਂ ਲਾਗੂ ਵੀ ਨਹੀਂ ਕਰ ਸਕਦੇ।

3. ਜਿਸ ਹੱਦ ਤੱਕ ਅਸੀਂ ਪਰਮੇਸ਼ੁਰ ਦੇ ਰਾਜ ਦੇ ਨਿਯਮਾਂ ਦੀ ਉਲੰਘਣਾ ਕਰਦੇ ਹਾਂ ਉਨ੍ਹਾਂ ਅਸੀਂ ਪਾਪ ਕਰਦੇ ਹਾਂ, ਜੋ ਸਾਨੂੰ ਹਨੇਰੇ ਦੇ ਰਾਜ ਵਿੱਚ ਲੈ ਜਾਂਦਾ ਹੈ ਅਤੇ ਉਸੇ ਹੱਦ ਤੱਕ ਸਾਨੂੰ ਦੁਸ਼ਟ ਦੇ ਅਧਿਕਾਰ ਦੇ ਅਧੀਨ ਕਰ ਦਿੰਦਾ ਹੈ।

ਪਰਮੇਸ਼ੁਰ ਦੀ ਇੱਛਾ ਹੈ / ਉਹ ਚਾਹੁੰਦਾ ਹੈ **ਤੁਸੀਂ** ਆਪਣੀ ਇੱਛਾ ਨਾਲ ਉਸ ਦੇ ਵਾਂਗੂ ਸੋਚਣ ਅਤੇ ਕੰਮ ਕਰਨ ਲਈ ਗਿਆਨ, ਪਰਿਪੱਕਤਾ ਅਤੇ ਪਰਮੇਸ਼ੁਰ ਅਤੇ ਮਨੁੱਖਾਂ ਦੀ ਕਿਰਪਾ ਵਿੱਚ ਵਧੋ।

VIII. ਰਾਜ ਦੇ ਵਿੱਚ ਰਹਿਣ ਅਤੇ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਜਾਂ ਆਪਣੀ ਮੰਜ਼ਿਲ ਤੇ ਪਹੁੰਚਣ ਲਈ, ਇਸ ਦੀ ਜ਼ਰੂਰਤ ਹੈ:

- ਕਹਾਉਤਾਂ 4:23 **ਆਪਣੇ ਮਨ** ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ!

- ਕਹਾਉਤਾਂ 4:23 **ਆਪਣੇ ਮਨ** ਦੀ ਵੱਡੀ ਚੌਕਸੀ ਕਰ, ਕਿਉਂ ਜੋ ਜੀਉਣ ਦੀਆਂ ਧਾਰਾਂ ਓਸੇ ਤੋਂ ਨਿੱਕਲਦੀਆਂ ਹਨ!

- 1 ਸਮੂਏਲ 16:7 ਪਰ ਯਹੋਵਾਹ ਨੇ ਸਮੂਏਲ ਨੂੰ ਆਖਿਆ, ਉਹ ਦੇ ਮੂੰਹ ਉੱਤੇ ਅਤੇ ਉਹ ਦੀ ਲੰਮਾਣ ਵੱਲ ਨਾ ਵੇਖ ਕਿਉਂ ਜੋ ਉਹ ਨੂੰ ਮੈਂ ਨਹੀਂ ਮੰਨਿਆ ਯਹੋਵਾਹ ਜੋ ਮਨੁੱਖ ਵਾਂਙੁ ਨਹੀਂ ਵੇਖਦਾ। ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ ਪਰ ਯਹੋਵਾਹ **ਰਿਦੇ ਨੂੰ** ਵੇਖਦਾ ਹੈ।

1. ਆਪਣੇ ਮਨ ਦੀ ਚੌਕਸੀ ਕਰ / ਪੂਰੇ ਜਤਨ ਨਾਲ ਇਸ ਦੀ ਰਖਵਾਲੀ ਕਰ (ਕਹਾਉਤਾਂ 4:23) ਤੁਸੀਂ ਉਸ ਚੀਜ਼ ਦੀ ਰਖਵਾਲੀ ਕਰਦੇ ਹੋ ਜੋ ਤੁਹਾਡੇ ਲਈ ਮਹੱਤਵਪੂਰਣ ਅਤੇ ਕੀਮਤੀ ਹੈ।
   ਤੁਹਾਡਾ ਮਨ ਮਹੱਤਵਪੂਰਣ ਹੈ ਕਿਉਂਕਿ ਇਹ ਉਹ ਸ੍ਰੋਤ / ਅਲਫਾ / ਉਤਪਤ ਹੈ ਜਿਸ ਵਿੱਚੋਂ ਸਾਡੇ ਲਈ ਆਪਣੇ ਜੀਵਨ ਨੂੰ ਜੀਉਣ, ਇਸ ਬਾਰੇ ਸੋਚਣ ਅਤੇ ਇਸ ਪ੍ਰਤੀ ਨਜ਼ਰੀਆ ਰੱਖਣ ਦਾ ਢੰਗ ਨਿੱਕਲਦਾ ਹੈ।

2. ਜਦੋਂ ਸਾਡਾ 'ਨਵਾਂ ਜਨਮ' ਹੋ ਜਾਂਦਾ ਹੈ, ਤਾਂ ਅਸੀਂ '**ਨਵਾਂ ਦਿਲ**' ਪ੍ਰਾਪਤ ਕਰਦੇ ਹਾਂ (ਹਿਜ਼ਕੀਏਲ 36:26), ਜੋ ਬੇਹਤਰ, ਸਜੀਵ, ਸੰਪੂਰਨ ਅਤੇ ਗ੍ਰਹਿਣ ਕਰਨ ਵਾਲਾ ਹੁੰਦਾ ਹੈ ਅਤੇ ਪਵਿੱਤਰ ਆਤਮਾ ਨੂੰ ਗ੍ਰਹਿਣ ਕਰਦਾ ਹੈ।

3. '**ਨਵਾਂ ਦਿਲ**' ਕੇਂਦਰੀ ਜੋੜਕ ਹੈ ਜਿੱਥੇ ਸਾਡੀ ਤਰਕਸ਼ੀਲਤਾ (ਸਾਡੇ ਗਿਆਨ, ਸੋਚ, ਭਾਵਨਾਵਾਂ ਅਤੇ ਸਾਡੇ ਮਨ ਦੇ ਵਿਚਾਰ) ਅਤੇ ਸਾਡੀ ਆਤਮਿਕਤਾ ਮਿਲਦੇ ਹਨ ਜੋ ਅਸੀਂ ਪਵਿੱਤਰ ਆਤਮਾ ਤੋਂ ਪ੍ਰਾਪਤ ਕਰਦੇ ਅਤੇ

ਸਿੱਖਦੇ ਹਾਂ।

4. ਸਾਡੀ 'ਤਰਕਸ਼ੀਲਤਾ' ਅਤੇ 'ਆਤਮਿਕਤਾ' ਦੇ ਮਿਲਣ ਦਾ ਨਤੀਜਾ "*ਜੀਵਨ ਦਾ ਸੋਤਾ*" ਹੈ (ਕਹਾਉਤਾਂ 4:23) ਅਤੇ ਜੋ ਇਸ ਦੇ ਦੁਆਰਾ ਤੈਅ ਹੁੰਦਾ ਹੈ ਕਿ ਕਿਹੜੀ ਚੀਜ਼ ਮਜ਼ਬੂਤ ਹੈ, ਜਿਆਦਾ ਪ੍ਰਭਾਵਸ਼ਾਲੀ ਹੈ ਅਤੇ ਜਿਸ ਨੂੰ 'ਸਾਡੀ ਇੱਛਾ ਸ਼ਕਤੀ' ਜਿਆਦਾ ਚਾਹੁੰਦੀ ਹੈ। ਫੈਸਲਾ ਅਸੀਂ ਲੈਂਦੇ ਹਾਂ।

- ਯਹੋਸ਼ੁਆ 23:11 ਤੁਸੀਂ ਆਪਣੀਆਂ ਜਾਨਾਂ ਲਈ ਬਹੁਤ ਸੁਚੇਤ ਰਹੋ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਨਾਲ ਪਿਆਰ ਕਰੋ।

- ਯਹੋਸ਼ੁਆ 24:15 ਅਤੇ ਜੇ ਤੁਹਾਡੀ ਨਿਗਾਹ ਵਿੱਚ ਯਹੋਵਾਹ ਦੀ ਉਪਾਸਨਾ ਬੁਰੀ ਹੈ ਤਾਂ ਅੱਜ ਤੁਸੀਂ ਉਸ ਨੂੰ ਚੁਣ ਲਓ ਜਿਹ ਦੀ ਉਪਾਸਨਾ ਤੁਸੀਂ ਕਰੋਗੇ...ਓਹ ਦੇਵਤੇ....ਜਿਨ੍ਹਾਂ ਦੇ ਦੇਸ ਵਿੱਚ ਤੁਸੀਂ ਵੱਸਦੇ ਹੋ ਪਰ ਮੈਂ ਅਤੇ ਮੇਰਾ ਘਰਾਣਾ ਤਾਂ ਯਹੋਵਾਹ ਹੀ ਦੀ ਉਪਾਸਨਾ ਕਰਾਂਗੇ।

- ਬਿਵਸਥਾਸਾਰ 6:5 ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਮਨ, ਆਪਣੀ ਸਾਰੀ ਜਾਨ ਅਤੇ ਆਪਣੇ ਸਾਰੇ ਜ਼ੋਰ ਨਾਲ ਪਿਆਰ ਕਰੋ।
- ਮੱਤੀ 22:37 ਅਤੇ ਉਹ ਨੇ ਉਸ ਨੂੰ ਕਿਹਾ, ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ।

5. ਇਸ ਲਈ, ਆਪਣੇ ਮਨ ਦੀ ਚੌਕਸੀ ਕਰੋ

ਜਿੰਨਾ ਮੈਂ ਆਪਣੇ ਮਨ ਦੀ ਚੌਕਸੀ ਕਰਨ ਵਿੱਚ ਸਫਲ ਹੁੰਦਾ ਹਾਂ, ਮੈਂ ਇਹ ਅਨੁਭਵ ਕਰਾਂਗਾ:

- ❖ ਅੰਦਰੂਨੀ ਰੂਪ ਵਿੱਚ ਮੇਰੇ ਜੀਵਨ ਵਿੱਚ ਅਤੇ ਬਾਹਰੀ ਰੂਪ ਵਿੱਚ ਮੇਰੇ ਪ੍ਰਭਾਵ ਦੇ ਖੇਤਰ ਵਿੱਚ ਰਾਜ ਸੰਬੰਧੀ ਨਵੇਂ-ਨਵੇਂ ਕੰਮ ਹੋਣਾ ਅਤੇ ਜਿੱਤਾਂ ਮਿਲਣਾ

- ❖ ਗਿਆਨ, ਪਰਿਪੱਕਤਾ ਅਤੇ ਮਨੁੱਖਾਂ ਅਤੇ ਪਰਮੇਸ਼ੁਰ ਦੀ ਕਿਰਪਾ ਦੇ ਵਿੱਚ ਵਧਣਾ, ਜਿਸ ਨਾਲ ਮੇਰੇ ਪ੍ਰਭਾਵ ਦੇ ਖੇਤਰ ਅਰਥਾਤ ਮੇਰੇ ਰਾਜ ਦਾ ਵਿਸਥਾਰ ਹੋਵੇਗਾ।

- ਸੁਣਨ ਅਤੇ ਦੇਖਣ ਦੁਆਰਾ **ਆਤਮਾ ਨੂੰ ਨਾ ਬੁਝਾਓ** (1 ਥੱਸਲੁਨੀਕੀਆ 5:19)। ਪਵਿੱਤਰ ਆਤਮਾ ਸਭ ਤੋਂ ਵਧ ਕੇ ਇਹ ਚਾਹੁੰਦਾ ਹੈ ਕਿ ਅਸੀਂ "ਆਪਣੇ ਮਨ ਦੀ ਚੌਕਸੀ ਕਰੀਏ," ਕਿਉਂਕਿ ਇਹ ਉਸ ਦੀ ਹੈਕਲ ਹੈ! ਜਦੋਂ ਕੁਝ ਗਲਤ ਹੁੰਦਾ ਹੈ, ਤਾਂ ਉਹ ਸਾਨੂੰ ਚੇਤਵਾਨੀ ਦਿੰਦਾ ਹੈ। ਉਸ ਚੇਤਾਵਨੀ ਨੂੰ ਅਣਦੇਖਿਆਂ ਕਰਨਾ ਹੀ ਆਤਮਾ ਨੂੰ ਬੁਝਾਉਣਾ ਹੈ।

- **ਆਤਮਾ ਨੂੰ ਉਦਾਸ ਨਾ ਕਰੋ** (ਅਫਸੀਆਂ 4:30)। ਜਿਵੇਂ ਕਿਸੇ ਮਸ਼ੀਨ ਦੀ ਚੇਤਾਵਨੀ ਵਾਲੀ ਬੱਤੀ ਨੂੰ ਅਣਦੇਖਿਆਂ ਕਰਨ ਦਾ ਨਤੀਜਾ ਮਸ਼ੀਨ ਦਾ ਖਰਾਬ ਹੋ ਜਾਣਾ ਹੁੰਦਾ ਹੈ – ਉਸੇ ਤਰ੍ਹਾਂ ਸਾਡੇ ਦਿਲ ਦਾ ਨੁਕਸਾਨ ਹੁੰਦਾ ਹੈ।

    - ਪਾਪ ਦੁਆਰਾ ਅੰਹਨੇਰੇ ਦੇ ਰਾਜ ਵਿੱਚ ਦਾਖਲ ਹੋਣਾ ਪਵਿੱਤਰ ਆਤਮਾ ਨੂੰ ਉਦਾਸ ਕਰਨਾ ਹੈ। ਕਿਉਂਕਿ ਉਹ ਹੋਣ ਵਾਲੇ ਨੁਕਸਾਨ ਨੂੰ ਜਾਣਦਾ ਹੈ।

    - ਜੇਕਰ ਪੈਟਰੋਲ ਵਿੱਚ ਜਾਂ ਤੇਲ ਵਿੱਚ ਮਿਲਾਵਟ ਕਰ ਦਿੱਤੀ ਜਾਵੇ, ਤਾਂ ਗੱਡੀ ਦਾ ਵੱਡਾ ਨੁਕਸਾਨ ਹੁੰਦਾ ਹੈ ਅਤੇ ਇਹ ਖਰਾਬ ਹੋ ਜਾਂਦੀ ਹੈ। ਇਹੋ ਗੱਲ ਸਾਡੇ ਮਨ ਅਤੇ ਸਰੀਰ ਨਾਲ ਵੀ ਵਾਪਰਦੀ ਹੈ। ਆਪਣੇ ਦਿਲ ਨੂੰ ਕਿਸੇ ਵੀ ਅਸ਼ੁੱਧ ਚੀਜ਼ ਨਾਲ ਭ੍ਰਿਸ਼ਟ ਨਾ ਕਰੋ।

    - ਜ਼ਬੂਰ 101:3 ਮੈਂ ਵਿਰਥੀ ਗੱਲ ਨੂੰ ਆਪਣੀਆਂ ਅੱਖਾਂ ਦੇ ਸਾਹਮਣੇ ਨਾ ਰੱਖਾਂਗਾ, ਫਿਰਤੂਆਂ ਦੀ ਕਰਤੂਤ ਤੋਂ ਮੈਨੂੰ ਘਿਣ ਹੈ, ਉਹ ਮੈਨੂੰ ਨਾ ਚੰਬੜੇਗੀ।

    - 2 ਕੁਰਿੰਥੀਆਂ 6:17 ...... ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਓ

    - 2 ਕੁਰਿੰਥੀਆਂ 7:1 ..... ਆਓ, ਅਸੀਂ ਆਪਣੇ ਆਪ ਨੂੰ ਸਰੀਰ ਅਤੇ ਆਤਮਾ ਦੀ ਸਾਰੀ ਮਲੀਨਤਾਈ ਤੋਂ ਸ਼ੁੱਧ ਕਰਕੇ ਪਰਮੇਸ਼ੁਰ ਦੇ ਭੌ ਨਾਲ ਪਵਿੱਤਰਤਾਈ ਨੂੰ ਸੰਪੂਰਨ ਕਰੀਏ।

    - 2 ਕੁਰਿੰਥੀਆਂ 10;5 .... ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

6. ਅਤੇ ਆਪਣੀ ਬੁੱਧ ਨੂੰ ਨਵਾਂ ਕਰੋ
    - ਰੋਮੀਆਂ 12:1-2 ਸੋ ਹੇ ਭਰਾਵੋ, ਮੈਂ ਪਰਮੇਸ਼ੁਰ ਦੀਆਂ ਰਹਮਤਾਂ ਦੀ ਖਾਤਰ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਭਈ ਤੁਸੀਂ **ਆਪਣੀਆਂ ਦੇਹੀਆਂ ਨੂੰ** ਜੀਉਂਦਾ ਅਤੇ ਪਵਿੱਤਰ ਅਤੇ ਪਰਮੇਸ਼ੁਰ ਨੂੰ ਭਾਉਂਦਾ **ਬਲੀਦਾਨ ਕਰਕੇ**

**ਚੜ੍ਹਾਵੋ**, ਇਹ ਤੁਹਾਡੀ ਰੂਹਾਨੀ ਬੰਦਗੀ ਹੈ। (2) ਅਤੇ ਇਸ ਜੁੱਗ ਦੇ ਰੂਪ ਜੇਹੇ ਨਾ ਬਣੋ ਸਗੋਂ **ਆਪਣੀ ਬੁੱਧ ਦੇ ਨਵੇਂ ਹੋਣ ਕਰਕੇ** ਹੋਰ ਸਰੂਪ ਵਿੱਚ ਬਦਲਦੇ ਜਾਓ ਤਾਂ ਜੋ ਤੁਸੀਂ ਸਿਆਣ ਲਵੋ ਭਈ ਪਰਮੇਸ਼ੁਰ ਦੀ ਚੰਗੀ ਅਤੇ ਮਨ ਭਾਉਂਦੀ ਅਤੇ ਪੂਰੀ ਇੱਛਿਆ ਕੀ ਹੈ। NASU

ਸਾਡੀ ਬੁੱਧ ਜਾਂ ਮਨ ਦਾ ਨਵਾਂ ਹੋਣਾ ਬਹੁਤ ਜ਼ਰੂਰੀ ਹੈ ਤਾਂ ਕਿ ਇਹ ਸਾਡੇ ਦਿਲ ਵਰਗੀ ਬਣਨ ਲੱਗ ਜਾਵੇ ਅਤੇ ਉਸ ਨਾਲ ਸਹਿਮਤ ਹੋ ਜਾਵੇ। ਇਸ ਤਰ੍ਹਾਂ ਸਾਡੀ ਬੁੱਧ ਅਤੇ ਦਿਲ ਦੀ ਅਸਹਿਮਤੀ ਅਤੇ ਅਸੰਗਤੀ ਦੂਰ ਹੋ ਜਾਵੇ। ਇਸ ਦਾ ਨਤੀਜਾ ਹੋਵੇਗਾ ਪਵਿੱਤਰ ਆਤਮਾ ਦੀ ਅਗਵਾਈ ਵਿੱਚ ਇੱਕ ਖੁਸ਼ਹਾਲ ਅਤੇ ਸ਼ਾਂਤੀ ਵਾਲਾ ਜੀਵਨ।

- 2 ਕੁਰਿੰਥੀਆਂ 10:5 ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ ਚੁੱਕਦੀ ਹੈ ਢਾਹ ਦਿੰਦੇ ਹਾਂ ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

- ਕਹਾਉਤਾਂ 23:7 ਕਿਉਂ ਜੋ ਜਿਹੇ ਉਹ ਦੇ ਮਨ ਦੇ ਵਿਚਾਰ ਹਨ ਤੇਹਾ ਉਹ ਆਪ ਹੈ, ਉਹ ਤੈਨੂੰ ਆਖਦਾ ਤਾਂ ਹੈ "ਖਾਹ, ਪੀ" ਪਰ ਉਹ ਦਾ ਮਨ ਤੇਰੀ ਵੱਲ ਨਹੀਂ।

IX. ਸੱਚਾਈ ਨੂੰ ਹਕੀਕਤ ਬਣਾਉਣਾ – ਰੋਮੀਆਂ 6 ਦਾ ਅਧਿਐਨ

ਉੱਪਰ ਦਿੱਤੇ ਸਿਰਲੇਖ ਵਾਲੇ ਨੋਟਸ ਵੈਬਸਾਈਟ www.treasurehisword.com ’ਤੇ ਦੇਖੋ।

ਜਿਵੇਂ-ਜਿਵੇਂ ਕਲਾਸ ਅੱਗੇ ਵਧੇਗੀ, ਇਸ ਵਿਸ਼ੇ ਨੂੰ ਜਾਰੀ ਰੱਖਾਂਗੇ

ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ

ਜਾਗਦੇ ਰਹੋ। ਨਿਹਚਾ ਵਿੱਚ ਦ੍ਰਿੜ੍ਹ ਰਹੋ, **ਪੁਰਖਾਰਥ ਕਰੋ**, ਤਕੜੇ ਹੋਵੋ। ਤੁਹਾਡੇ ਸਾਰੇ ਕੰਮ ਪ੍ਰੇਮ ਨਾਲ ਹੋਣ।

1 ਕੁਰਿੰਥੀਆਂ 16:13-14